# ਉਮਰਾਂ ਦੀ ਬਿਰਹਾ

# ਉਮਰਾਂ ਦੀ ਬਿਰਹਾ

ਸੰਦੀਪ ਨਿਮਾਣਾ

# Umran Di Birha

*by*

**Sandeep Nimana**
Village- Badmajra
P.O. Balongi
Teh. & Distt. Mohali, Punjab
Mob: 98140-00461
email: sandeepnimana@gmail.com

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

‘ਉਮਰਾਂ ਦੀ ਬਿਰਹਾ’

ਉਹਨਾਂ ਮੁੰਡਿਆਂ-ਕੁੜੀਆਂ ਨੂੰ ਸਮਰਪਿਤ ਹੈ

ਜੋ ਦਿਨ-ਰਾਤ ਬਿਰਹਾ ਦਾ ਰੋਣਾ ਚਾਦਰਾਂ

ਵਿੱਚ ਵੜ-ਵੜ ਰੋਂਦੇ ਹਨ।

ਰੱਬ ਮਿਹਰ ਕਰੇ ਬਿਰਹਾ ਦਾ ਸੱਪ ਕਿਸੇ ਨੂੰ ਨਾ ਲੜੇ

ਮੈਂ ਸ਼ਿਵ ਕੁਮਾਰ ਬਟਾਲਵੀ ਦਾ ਦੇਣਦਾਰ ਹਾਂ ਜੋ ਸਰੀਰਕ ਰੂਪ ਵਿੱਚ ਭਾਵੇਂ ਸਾਡੇ ਨਾਲ ਨਹੀਂ ਪਰ ਉਹਨਾਂ ਦੀ ਲਿਖੀ ਹਰ ਸਤਰ ਮੇਰੇ ਕਲਬੂਤ ਨੂੰ ਝੰਜੋੜਦੀ ਹੈ।

ਸੰਦੀਪ ਬੀ. ਏ. ਕਰਨ ਮਗਰੋਂ ਹੁਣ ਪੰਜਾਬ ਯੂਨੀਵਰਸਿਟੀ ਵਿੱਚ
ਜਰਨਲਿਜ਼ਮ ਐਂਡ ਮਾਸ ਕਮਿਉਨੀਕੇਸ਼ਨ ਦਾ ਇੱਕ ਵਿਦਿਆਰਥੀ ਹੈ।

# ਤਤਕਰਾ


| | | |
|---|---|---|
| * | ਲੰਘ ਚੱਲੇ | 13 |
| * | ਹਿਜਰ | 14 |
| * | ਪਰਵਾਜ਼ | 15 |
| * | ਇਸ਼ਕ ਇੱਕ ਸੂਲ | 16 |
| * | ਉਮਰਾਂ ਦੀ ਬਿਰਹਾ | 17 |
| * | ਯਾਦ | 18 |
| * | ਨਿਤਾਣਵੀ ਬਿਆਨ | 19 |
| * | ਪੱਟਿਆ ਹੀਰ ਨੇ | 20 |
| * | ਹੁਸਨ ਏ ਵਾਰ | 21 |
| * | ਪਛਤਾਵਾ | 22 |
| * | ਕੀ ਹੋਇਆ | 24 |
| * | ਕਮਜ਼ੋਰੀ | 25 |
| * | ਰੁੱਤ ਰੋਣ ਦੀ | 26 |
| * | ਕੀ ਕਰਦਾ | 27 |
| * | ਭਟਕਣ | 28 |
| * | ਚੇਤਾ | 29 |
| * | ਸ਼ਿਕਵਾ | 30 |
| * | ਮੌਤ ਦਾ ਡਰ | 31 |
| * | ਭਰਮ | 32 |

| | | |
|---|---|---|
| * | ਜੁਗਨੂੰ ਦੀ ਸਿਖਲਾਈ | 33 |
| * | ਮੌਤ ਦਾ ਪ੍ਰਗਟਾਅ | 35 |
| * | ਡਰ ਵਿਛਣਨ ਦਾ | 36 |
| * | ਲਾਸ਼ ਦੀ ਅਰਜ਼ | 37 |
| * | ਚਿਰਾਂ ਪਿੱਛੋਂ ਮੇਲ | 38 |
| * | ਧਿਰੀ ਵਣਜ | 40 |
| * | ਗੂੰਗੀ ਪੀੜ | 41 |
| * | ਜ਼ੁਲਮ ਦੀ ਜੜ | 42 |
| * | ਸੰਨ-2009 ਦਾ ਵਿਛੋੜਾ | 43 |
| * | ਮਿਹਰ | 44 |
| * | ਅਣਕਿਹਾ ਦੁਖ | 45 |
| * | ਮੌਤ ਨਾਲ ਵਿਆਹ | 47 |
| * | ਸਾਹਮਣਾ | 46 |
| * | ਖ਼ੈਰ | 49 |
| * | ਮੌਤ ਨਾਲ ਪ੍ਰੀਤ | 50 |
| * | ਵਾਟ ਦਾ ਮੋੜ | 51 |
| * | ਕਲਮ ਹਥਿਆਰ | 52 |
| * | ਰੁੱਤ ਬਦਲਣ ਦੀ | 54 |
| * | ਜਿੰਦ ਸੱਜਣ ਨਾਲ | 55 |
| * | ਚਿਣਗ | 56 |
| * | ਇੰਝ ਨਾ ਹੋਵੇ | 57 |

| | | |
|---|---|---|
| * | ਮੁੱਕੀ ਆਸ | 59 |
| * | ਚੰਦਰੀ ਭੁੱਖ | 60 |
| * | ਤੜਫ ਦੀ ਜੜ੍ਹ | 61 |
| * | ਗੁੱਝਾ ਦੁੱਖ | 62 |
| * | ਸ਼ਰਮਸਾਰ | 63 |
| * | ਬਿਰਤਾਂਤ | 64 |
| * | ਦੇਰ ਸਵੇਰ | 65 |
| * | ਤੂੰ ਅਰਸ਼ ਮੈਂ ਫਰਸ਼ | 66 |
| * | ਇਲਜ਼ਾਮ | 67 |
| * | ਕੀਮਤ | 68 |
| * | ਹੁਸੜ | 70 |
| * | ਤੜਫ ਭਰੀ ਮੌਤ | 71 |
| * | ਰੌਣ | 72 |
| * | ਭੈੜਾ ਇਸ਼ਕ | 73 |
| * | ਗੁਆਚ | 74 |
| * | ਰੋਣਾ ਟੱਪਣਾ | 75 |
| * | ਇਸ਼ਕ ਤੇ ਦਾਗ਼ | 76 |
| * | ਆਸ | 77 |
| * | ਵਸਲ | 78 |
| * | ਬਿਰਹਾ ਦਾ ਗੀਤ | 79 |
| * | ਤਿਆਰੀ | 80 |

## ਲੰਘ ਚੱਲੇ

ਲੰਘ ਚੱਲੇ ਦਿਨ ਤੇ ਲੰਘ ਰਾਤਾਂ ਚੱਲੀਆਂ
ਮੁੱਦਤ ਬਾਅਦ ਮੇਰੇ ਬਾਰੇ ਫੇਰ ਹੁਣ ਬਾਤਾਂ ਚੱਲੀਆਂ
ਮੈਂ ਅੱਲੜ ਬੈਠੀ ਸੰਧਾਰੇ ਨੂੰ ਉਡੀਕਦੀ
ਜਿਹਦੇ ਮਹਿਰਮ ਨੂੰ ਖਾ ਡਾਰਾਂ ਗਿਰਝਾਂ ਦੀਆਂ ਚੱਲੀਆਂ

ਲੰਘ ਚੱਲੇ ਦਿਨ ਤੇ ਲੰਘ ਰਾਤਾਂ ਚੱਲੀਆਂ
ਰੋ ਰੋ ਬਾਹਰ ਆਈਆਂ ਦੋ ਨੈਣਾਂ ਦੀਆਂ ਡਲੀਆਂ
ਗ਼ਮਾਂ ਦੇ ਸੂਲ ਨੇ ਵਿੰਨ੍ਹ ਦਿਲ ਛੱਡਿਆ
ਦੁੱਖ ਪੁੱਛੋ ਬੈਠੀਆਂ ਜੋ ਸੱਜਣਾਂ ਬਾਝ ਇਕੱਲੀਆਂ

ਲੰਘ ਚੱਲੇ ਦਿਨ ਤੇ ਲੰਘ ਰਾਤਾਂ ਚੱਲੀਆਂ
ਜ਼ਖ਼ਮਾਂ ਚੋਂ ਪੀਕਾਂ ਦਿੱਸਦੀਆਂ ਉਥੱਲੀਆਂ
ਸਿੰਮਦੀਆਂ ਰਸੌਂਤ ਬਾਝ ਪੀਕਾਂ ਵੀ ਰਹੀਆਂ
ਖ਼ੂਨ ਸਣੀ ਚਿੱਠੀਆਂ ਦੋ ਰੱਬ ਨੂੰ ਵੀ ਘੱਲੀਆਂ

ਲੰਘ ਚੱਲੇ ਦਿਨ ਤੇ ਲੰਘ ਰਾਤਾਂ ਚੱਲੀਆਂ
ਜਿਸਮ ਚੋਂ ਹੱਡੀਆਂ ਛਣਕਣ ਵਾਂਗ ਫਲੀਆਂ
ਦੁੱਖਾਂ ਅਤੇ ਮੇਰਾ ਅੰਤ ਨੇੜ ਲੱਗਿਆ
ਕੱਟਿਆ ਨਹੀਂ ਜਾਂਦਾ ਵਾਂਗ ਕੁੱਤਿਆਂ ਵਿੱਚ ਗਲੀਆਂ

## ਹਿਜਰ

ਕਿੱਥੇ ਛੱਡ ਚੱਲਿਆਂ ਸੱਜਣਾ ਤੂੰ
ਮੈਂ ਤੁਰ ਤੇਰੇ ਪਿੱਛੇ ਆਵਾਂ
ਪਭ ਆਪਣੇ ਧਰ ਕੰਡਿਆਂ ਤੇ
ਮੇਰਾ ਨਾਲ ਤੁਰੇ ਪਰਛਾਵਾਂ
ਤੇਰੀ ਯਾਦ ਵਸਾ ਸੋਚਾਂ ਵਿੱਚ
ਮੈਂ ਗੀਤ ਬੁੱਲਾਂ ਤੋਂ ਗਾਵਾਂ
ਨੈਣ ਤਰਸਦੇ ਦਰਸ ਤੇਰੇ ਲਈ
ਮੈਂ ਕਿਹੜੇ ਵਿਹੜੇ ਜਾਵਾਂ
ਜਿਸ ਦਿਨ ਤੋਂ ਤੂੰ ਨਹੀਂ ਦਿੱਸਿਆ
ਮੈਂ ਰੋਵਾਂ ਤੇ ਕੁਰਲਾਵਾਂ
ਤੂੰ ਮੁੜ ਆ ਉਹਨਾਂ ਰਾਹਾਂ ਤੋਂ
ਦਸ ਕਿਹੜੀ ਬੀਨ ਬਜਾਵਾਂ
ਛੱਲਾ ਪਿਆਰ ਨਿਸ਼ਾਨੀ ਸਾਂਭ ਰੱਖੀ
ਸੰਦੇਸ਼ ਪੁਜਾ ਦੇ ਕਾਵਾਂ
ਜਿਹੜੇ ਰਾਹ ਪੈ ਤੁਰਿਆ ਸੀ
ਮੈਂ ਮਿੱਟੀ ਮੱਥੇ ਲਾਂਵਾਂ
ਇੱਕੋ ਪੀੜ ਵਸੀ ਦਿਲ ਵਿੱਚ
ਕਿੰਝ ਦੁੱਖੜਾ ਖੋਲ ਸੁਣਾਵਾਂ
ਨਾ ਭਾਵੇ ਰੰਗਲੀ ਰੁੱਤ ਲੰਘਦੀ
ਮੈਨੂੰ ਖੁੱਭਣ ਰੁੱਖਾਂ ਦੀਆਂ ਛਾਵਾਂ
ਸੰਦੀਪ ਨਿਮਾਣੇ ਭਰਮ ਹੋਇਆ
ਉਹਦੇ ਮੁਲਕ ਮੈਂ ਉੱਡਦੇ ਜਾਵਾਂ
ਜੇ ਮੇਲੇ ਹੋਵੇ ਤਾਂ ਭਰਮ ਟੁੱਟੇ
ਜਾਂ ਸੁੱਤੇ ਹੀ ਮਰ ਜਾਵਾਂ

# ਪਰਵਾਜ਼

ਪੈਂਦੀਆਂ ਹੋਣ ਕਣੀਆਂ ਉਹ ਪਿੰਡ ਤੁਰੀ ਆਵੇ
ਵੇਖ ਵੇਖ ਤੁਰਦੀ ਮੇਰੀ ਅੱਖ ਨਸ਼ਿਆਵੇ
ਉਹ ਬੈਠੀ ਕੋਠੇ ’ਤੇ ਥੱਲੇ ਮੈਂ ਖੜਾ
ਮੈਂ ਰੁੱਖ ’ਤੇ ਚੜਾਂ ਕਿ ਨਜ਼ਰ ਮੈਨੂੰ ਆਵੇ
ਉਹ ਨੇੜਿਉਂ ਲੰਘ ਜਾਵੇ ਮੈਂ ਡੁੱਬ ਮਰਾਂ
ਦੁੱਖ ਕਿਵੇਂ ਜਰਾਂ ਜੇ ਪਾਸਾ ਵੱਟ ਜਾਵੇ
ਪਿਆਰ ਉਹਨੂੰ ਦਿਲੋਂ ਮੈਂ ਹੱਦੋਂ ਵੱਧ ਕਰਾਂ
ਤਗਾਦੇ ਪਿਆ ਕਰਾਂ ਉਹ ਮਿਲ ਮੈਨੂੰ ਜਾਵੇ
ਦੱਸਾਂ ਕਿਵੇਂ ਦੁੱਖ ਪਾਸਾ ਵੱਟਦੀ ਹਜ਼ੂਰ
ਗੱਲ ਕਰਾਂਗੇ ਜ਼ਰੂਰ ਸਾਹ ਮੁੱਕ ਹੀ ਨਾ ਜਾਵੇ
ਨੇੜੇ ਆਉਣੋ ਸੰਗਦੀ ਖਿਡਾਰੀ ਅਸੀਂ ਕੱਚੇ
ਬੁੱਲ੍ਹੇ ਸ਼ਾਹ ਨੱਚੇ ਕਿ ਯਾਰ ਮਨ ਜਾਵੇ
ਜੇ ਫਿਰ ਵੀ ਨਾ ਮੰਨੇ ਜਿਉਂਦੇ ਮਰ ਜਾਵਾਂ
ਕਦੇ ਮੁੜ ਕੇ ਨਾ ਆਵਾਂ ਜੇ ਲਾਣਤਾਂ ਮੈਨੂੰ ਪਾਵੇ
ਦਿਲ ਮੇਰਾ ਚਾਹਵੇ ਕਿ ਉਹਨੂੰ ਸਮਝਾਵਾਂ
ਮੈਂ ਉਹਦਾ ਬਣ ਜਾਵਾਂ ਜੇ ਹੱਸ ਕੇ ਵਿਖਾਵੇ
ਖਲੋਤਾ ਸਾਹਮਣੇ ਰੱਬ ਮੈਂ ਸੁੱਖ ਮੰਗੀ ਜਾਵਾਂ
ਕੁੜੀ ਉਹੀ ਚਾਹਵਾਂ ਸਮਾਂ ਛੇਤੀ ਆਵੇ
ਉਹ ਆਣ ਸਾਨੂੰ ਮਿਲੇ ਤਾਂ ਜਿੰਦ ਅੱਗੇ ਵਧੇ
ਗੱਲ ਬਣੂ ਤਦੇ ਜੇ ਅੱਖ ਲੜ ਜਾਵੇ
ਸੰਦੀਪ ਖਾਧੀ ਸਹੁੰ ਰਹੂੰ ਉਹਦਾ ਬਣਕੇ
ਸਾਰੇ ਜਗ ਨਾਲ ਲੜ ਕੇ ਜਿੰਦ ਭਾਵੇਂ ਮੁੱਕ ਜਾਵੇ

## ਇਸ਼ਕ ਇੱਕ ਸੂਲ

ਫੁੱਲ ਗੁਲਾਬ ਦਾ ਸੋਹਣਾ ਲੱਗੇ ਸੱਜਣਾਂ ਨੂੰ
ਕਿੱਕਰਾਂ ਦਾ ਨਾ ਫੁੱਲ ਕਿਸੇ ਨੂੰ ਭਾਂਵਦਾ ਜੀ
ਦੁੱਖ ਅਸੀਂ ਆਪਣਾ ਲੁਕਾਉਂਦੇ ਦਿਲ ਵਿੱਚ
ਨਹੀਂ ਤਾਂ ਮਜਾਕ ਹਰ ਕੋਈ ਗੱਲ-ਗੱਲ 'ਤੇ ਬਣਾਵਦਾ ਜੀ
ਇਤਰ ਖਿੰਡੇ ਹਵਾ 'ਚ ਨਿੱਕਲ ਗੁਲਾਬ 'ਚੋਂ
ਜਾਪੇ ਸੂਲ ਬਣ-ਬਣ ਹੱਡੀਂ ਸਾਡੇ ਖੁਭਾਂਵਦਾ ਜੀ
ਜੋ ਧੋਵੇ ਦਾਗ ਮਲ-ਮਲ ਦਿਲ ਦੀ ਚਾਦਰ ਦੇ
ਛੀਂਬਾ ਲੋਕੋ ਜਗ ਵਿੱਚ ਉਹ ਅਖਵਾਂਵਦਾ ਜੀ
ਕੀਹ ਜਾਣੇ ਇਹ ਜ਼ਾਲਮ ਜਗ ਮੁੱਲ ਪਿਆਰ ਦਾ
ਜੋ ਚਾੜ ਸਿਖਰੇ ਪਿਆ ਥੱਲੇ ਜੜ ਕਟਵਾਂਵਦਾ ਜੀ
ਜਿਉਂ ਸ਼ਿਕਰਾ ਪਿਆ ਧਰੀੜਦਾ ਹੱਡੋ-ਰੋੜੇ ਨੂੰ
ਮੁਖ ਸੋਹਣਾ ਉਂ ਯਾਰ ਆਪਣਾ ਮਰਵਾਂਵਦਾ ਜੀ
ਰਿਹਾ ਨਾ ਪੱਲੇ ਕੱਖ ਸੰਦੀਪ ਨਿਮਾਣੇ ਦੇ
ਜੋ ਰਿਹਾ ਇਸ਼ਕ ਚ ਆਪਣਾ ਸੱਭੋ ਕੁੱਝ ਗੁਆਂਵਦਾ ਜੀ
ਰਿਹਾ ਨਾ ਪੱਲੇ ਕੱਖ ਸੰਦੀਪ ਨਿਮਾਣੇ ਦੇ
ਰਿਹਾ ਇਸ਼ਕ 'ਚ ਆਪਣਾ ਸੱਭੋ ਕੁੱਝ ਗੁਆਂਵਦਾ ਜੀ

## ਉਮਰਾਂ ਦੀ ਬਿਰਹਾ

ਪੈਂਡਾ ਜਿੰਦੜੀ ਦਾ ਲੰਮਾ ਸੋਚ ਚਿਤ ਘਬਰਾਉਂਦਾ
ਉਮਰਾਂ ਦੀ ਬਿਰਹਾ ਨਾ ਕੱਟੀ ਜਾਣੀ ਸਾਥੋਂ
ਨੀਂਦਰ ਵਿੱਚ ਪੈ ਕੇ ਵੀ ਖੁੱਲ੍ਹੀਆਂ ਨੇ ਅੱਖਾਂ
ਦੁੱਖੜੇ ਨਾਲ ਰਹਿ ਕੇ ਨਾ ਕੱਟੀ ਜਾਣੀ ਸਾਥੋਂ
ਸ਼ਿਕਾਇਤਾਂ ਨੇ ਉਸਨੂੰ ਜੋ ਮੇਰੇ ਨਾਲ ਵਾਧੂ
ਲੜ ਕੇ ਨਾਲ ਸੱਜਣਾ ਨਾ ਕੱਟੀ ਜਾਣੀ ਸਾਥੋਂ
ਬੁੱਲ੍ਹਾਂ ਉੱਤੇ ਹਾਸੇ ਤੇ ਅੱਖਾਂ ਵਿੱਚ ਹੰਝੂ
ਸੁਖ ਦੁਖ ਵਿੱਚ ਉਲਝਿਆਂ ਨਾ ਕੱਟੀ ਜਾਣੀ ਸਾਥੋਂ
ਔਂਕੜਾਂ ਅਖੀਰ ਜੇ ਘੇਰਾ ਪਾਉਣ ਸਾਨੂੰ
ਹਨੇਰੇ ਵਿੱਚ ਰਹਿ ਕੇ ਨਾ ਕੱਟੀ ਜਾਣੀ ਸਾਥੋਂ
ਪਿਆਰ ਅਤੇ ਸਤਿਕਾਰ ਜੇ ਜਾਤ ਹੈ ਬੰਦੇ ਦੀ
ਢੋਰਾਂ ਵਾਂਗ ਰਹਿ ਕੇ ਨਾ ਕੱਟੀ ਜਾਣੀ ਸਾਥੋਂ
ਨਿਮਾਣੇ ਜਿਹੇ ਸੰਦੀਪ ਨੂੰ ਨਫ਼ਰਤ ਮਿਲੀ ਉਸ ਦੀ
ਇਕੱਲਿਆਂ ਹੁਣ ਰਹਿ ਕੇ ਨਾ ਕੱਟੀ ਜਾਣੀ ਸਾਥੋਂ

## ਯਾਦ

ਦਿਨ ਉਹ ਵੀ ਹੁੰਦੇ ਸੀ
ਜਦੋਂ ਖੁਸ਼ ਅਸੀਂ ਵੀ ਹੁੰਦੇ ਸੀ
ਰੋ ਰੋ ਕੇ ਲੀਕਾਂ ਪੈਂਦੀਆਂ ਨੇ
ਜਦੋਂ ਯਾਦ ਮਾਹੀ ਦੀ ਆਉਂਦੀ ਏ
ਸਹਿੰਦੇ ਦੁੱਖ ਕਈ ਸਾਲ ਲੰਘੇ
ਦੁੱਖ ਹੋਰ ਵਧੇਰੇ ਹੁੰਦਾ ਏ
ਛੱਡ ਦੁਨੀਆਂ ਉਡੀਕ ਮੌਤ ਦੀ
ਜਦੋਂ ਯਾਦ ਮਾਹੀ ਦੀ ਆਉਂਦੀ ਏ
ਕਹੇ ਸੰਦੀਪ ਇਹ ਰੋਗ ਅਵੱਲਾ
ਜਾਨ ਬਾਹਰ ਕੱਢ ਲੈਂਦਾ ਸਦਾ
ਇਹ ਜਾਨ ਵਾਰਨ ਨੂੰ ਜੀ ਕਰਦਾ
ਜਦੋਂ ਯਾਦ ਮਾਹੀ ਦੀ ਆਉਂਦੀ ਏ
ਮੌਤ ਆਵੇ ਤਾਂ ਡਰ ਕੋਈ ਨਾ
ਹੱਸ ਹੱਸ ਕੇ ਗਲ੍ਹ ਨਾਲ ਲਾਵਾਂਗੇ
ਮੁੜ ਜਿੰਦੜੀ ਪਾਉਣ ਨੂੰ ਜੀ ਕਰਦਾ
ਜਦੋਂ ਯਾਦ ਮਾਹੀ ਦੀ ਆਉਂਦੀ ਏ

# ਨਿਤਾਣਵੀ ਬਿਆਨ

ਲੂਣ ਜਖ਼ਮਾਂ ਤੇ ਰੱਖਣਾ ਸੀ ਮੇਰੇ ਜੇ ਸੱਜਣਾ
ਰੁੱਕ ਕਾਹਤੋਂ ਗਏ ਤੇਰੇ ਤੁਰੇ ਆਉਂਦੇ ਕਦਮ
ਹੰਝੂਆਂ ਦਾ ਦਰਿਆ ਪਾਉਣਾ ਸੀ ਜੇ ਸਾਡੇ ਪੱਲੇ
ਹੋਇਆ ਕਿਉਂ ਪਛਤਾਵਾ ਤੈਨੂੰ ਕਰਦੇ ਹੋਏ ਕਰਮ
ਪਾਉਣਾ ਸੀ ਰੌਲਾ ਜੇ ਹੋਣ ਦਾ ਮੇਰੇ ਮਾੜੇ
ਤਰਸ ਕਾਹਤੋਂ ਆਇਆ ਵੇਖ ਰਿਸਦੇ ਮੇਰੇ ਜਖ਼ਮ
ਸੋਚ ਕਿੱਦਾਂ ਲਿਆ ਤੂੰ ਕਿ ਸੋਚ ਸਾਡੀ ਮਾੜੀ ਸੀ
ਕਿਹੜੀ ਗੱਲੋਂ ਉੱਘੜਿਆ ਤੇਰੇ ਸੀਨੇ ਵੱਸਦਾ ਭਰਮ
ਸੁੱਟ ਕੇ ਕੁੜੀਏ ਥੁੱਕ ਮੂੰਹ 'ਤੇ ਮੇਰੇ
ਦੁਰਕਾਰਿਆਂ ਵਾਂਗ ਕੁੱਤੇ ਕੀਤੀ ਨਾ ਕੋਈ ਸ਼ਰਮ
ਖਲੋਤਾ ਸਾਹਮਣੇ ਰੱਬ ਅਰਦਾਸ ਇੱਕੋ ਚਰਨਾਂ ਵਿੱਚ
ਕੱਢ ਹਿਜਰਾਂ ਦੀ ਸੂਲੀ ਤੂੰ ਰੱਖ ਲੈ ਆਪਣੀ ਸ਼ਰਨ
ਹੇਠਾਂ ਬੁੱਲੀਆਂ ਦੇ ਹਾਸੇ ਜਖ਼ਮ ਰਿਹਾ ਰਿਸਦਾ
ਕਸੂਤੀ ਸੱਟ ਜ਼ਰਦੇ ਅਸਾਂ ਲੱਗੇ ਬਾਜ਼ੀ ਹਾਰਨ
ਲੇਖਾਂ ਚ ਨਾਂ ਤੇਰਾ ਪਾ ਦੇਵੇ ਰੱਬ ਮੇਰਾ
ਦੂਰ ਤੈਥੋਂ ਹੁੰਦਿਆਂ ਸੰਦੀਪ ਲੱਗਿਆ ਮਰਨ

## ਪੱਟਿਆ ਹੀਰ ਨੇ

ਸਿਫ਼ਤ ਹੋ ਨਹੀਂ ਸਕਦੀ ਉਹਦੀ ਥੋੜ੍ਹੇ ਜਿਹੇ ਸ਼ਬਦਾਂ ਨਾਲ
ਮੈਨੂੰ ਉਹ ਸਿਆਲਾਂ ਵਾਲੀ ਹੀਰ ਨਜ਼ਰ ਆਉਂਦੀ ਏ
ਲੰਘਦੀ ਜਿਹੜੇ ਰਾਹਾਂ ਤੋਂ ਸਲਾਮਾ ਕਰਦਾ ਹਰ ਕੋਈ
ਦਰਬਾਰ ਦੀ ਕਿਸੇ ਰਾਜੇ ਦੇ ਵਜ਼ੀਰ ਨਜ਼ਰ ਆਉਂਦੀ ਏ
ਪੰਜ਼ੇਬਾਂ ਪਾ ਜਦੋਂ ਕੋਠੇ 'ਤੇ ਚੜ੍ਹ ਬਹਿੰਦੀ
ਪਰਬਤ 'ਤੇ ਬੈਠੀ ਮੈਨੂੰ ਪੀਰ ਨਜ਼ਰ ਆਉਂਦੀ ਏ
ਫਰਿਆਦ ਕਰਾਂ ਰੱਬ ਕੋਲੋਂ ਮੇਲ ਸਾਡਾ ਹੋ ਜਾਵੇ
ਮੱਥੇ 'ਤੇ ਪੈਂਦੀ ਇੱਕ ਲਕੀਰ ਨਜ਼ਰ ਆਉਂਦੀ ਏ
ਭੁੱਖ ਵੀ ਜੋ ਲੱਗਦੀ ਤਾਂ ਸਿਰਫ ਉਹਦੀ ਦੀਦ ਤਾਂਈ
ਦੁੱਧ ਨਾਲੋਂ ਬਣੀ ਮੈਨੂੰ ਖੀਰ ਨਜ਼ਰ ਆਉਂਦੀ ਏ
ਨਕਸ਼ ਉਹਦੇ ਨੀਲੇ ਸੋਹਣੇ ਅੰਬਰਾਂ ਦੀ ਛਾਂ ਨਾਲੋਂ
ਮਤੀਰਿਆਂ ਤੋਂ ਮਿਲਦੀ ਇੱਕ ਸਰੀਰ ਨਜ਼ਰ ਆਉਂਦੀ ਏ
ਹੱਦੋਂ ਵੱਧ ਦੁੱਖੜਾ ਕਿੰਝ ਦੱਸਾਂ ਉਹਦੀ ਬਿਰਹਾ ਨੂੰ
ਗਲ ਫਾਹੇ ਤਾਂਈ ਬੰਨੀ ਇੱਕ ਜੰਜ਼ੀਰ ਨਜ਼ਰ ਆਉਂਦੀ ਏ
ਕਦੇ ਲੰਘਦੀ ਏ ਹਵਾ ਜਦੋਂ ਹਰੇ ਪੱਤਿਆਂ ਚੋਂ
ਆਲਣੇ ਵਿੱਚ ਬੈਠੀ ਮੇਰੀ ਹੀਰ ਨਜ਼ਰ ਆਉਂਦੀ ਏ
ਸਵਾਲ ਕਰਦਾ ਚਿੱਤ ਮੇਰਾ ਸਰਬਵਿਆਪੀ ਰੱਬ ਕੋਲੋਂ
ਸੰਦੀਪ ਨੂੰ ਉਹ ਕੁੜੀ ਕਿਉਂ ਤਕਦੀਰ ਨਜ਼ਰ ਆਉਂਦੀ ਏ

## ਹੁਸਨ ਏ ਵਾਰ

ਦੁੱਖ ਜ਼ਰ ਕੇ ਮਰਦਾ ਹਾਂ
ਗੱਲ ਇਕੱਲੀ ਏ ਮੇਰੇ ਯਾਰ ਦੀ
ਨਾ ਹੋਵੇ ਕਿਤੇ ਵੀ ਇਸ਼ਕ ਚੰਦਰਾ
ਕਿਉਂਕਿ ਮਾੜੀ ਏ ਸੱਟ ਪਿਆਰ ਦੀ
ਵਿਛੋੜਾ ਮਾਰ ਮੁਕਾਇਆ ਸਾਨੂੰ
ਹੁਣ ਲੋੜ ਨਹੀਂ ਤੇਰੇ ਸਤਿਕਾਰ ਦੀ
ਹੁਣ ਨਾ ਖ਼ਿਆਲ ਕਿਸੇ ਦਾ ਕਰੀਏ ਅਸੀਂ
ਬਸ ਲੋੜ ਏ ਉਸੇ ਯਾਰ ਦੀ
ਡਰ ਨਹੀਂ ਕਿਸੇ ਦੇ ਵੈਰ ਦਾ
ਨਾ ਚੱਲਦੀ ਕਿਸੇ ਸਰਕਾਰ ਦੀ
ਨਾ ਕਿਹਾ ਕਰ ਨਿਮਾਣਾ ਅਸਾਂ ਨੂੰ
ਉਖਾੜ ਸੁੱਟੀਏ ਗਿਣਤੀ ਹਜ਼ਾਰ ਦੀ
ਜਦੋਂ ਆਉ ਹੜ੍ਹ ਇਸ਼ਕੇ ਦੇ
ਯਾਦ ਆਉ ਕਿਸ਼ਤੀ ਪਿਆਰ ਦੀ
ਜੇ ਖ਼ਤਮ ਕਰਨਾ ਅਸਾਂ ਨੂੰ
ਕੀ ਲੋੜ ਏ ਫਿਰ ਹਥਿਆਰ ਦੀ
ਨਿਮਾਣਾ ਪਹਿਲਾਂ ਹੀ ਨਾਂ ਰੱਖਿਆ
ਔਕਾਤ ਫਿਰ ਵੇਖ ਦਿਲਦਾਰ ਦੀ
ਤਿਆਰ ਮਰਨ ਨੂੰ ਮੈਂ ਬੈਠਾ
ਬਸ ਉਡੀਕ ਏ ਹੁਸਨ ਏ ਵਾਰ ਦੀ

## ਪਛਤਾਵਾ

ਨੋਚਦੇ ਰਹੇ ਲੋਥ ਮੇਰੀ ਜੰਗਲਾਂ ਦੇ ਭੁੱਖੇ ਪਸ਼ੂ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ
ਮੌਤ ਤੋਂ ਪਹਿਲਾਂ ਮਾਰਦੀ ਰਹੀ ਚੀਕਾਂ ਮੈਂ ਉੱਚੀ ਉੱਚੀ
ਉੱਡਦੇ ਹੋਏ ਪਰਿੰਦੇ ਤੂੰ ਸੁਨੇਹਾ ਉਹਨੂੰ ਭੇਜ ਦੇ

ਮੰਨਿਆ ਗਲਤੀ ਸੀ ਮੇਰੀ ਜੋ ਤੈਥੋਂ ਰੁੱਸ ਚਲੀ ਆਈ
ਗੁਲਾਬ ਨੂੰ ਛੱਡ ਬੈਠੀ ਕੰਡਿਆਂ ਨਾਲ ਪ੍ਰੀਤ ਪਾਈ
ਮੇਰੀ ਭੈੜੀ ਕਿਰਤ ਕਾਰਨ ਤੇਰੀ ਹੋਈ ਜਗ ਹਸਾਈ
ਚਿੱਠੀ ਲਿਖ ਮੈਂ ਛੱਡ ਆਈ ਬਾਹਰ ਰੱਖੀ ਮੇਜ ਤੇ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ

ਪਹਿਲਾਂ ਨਾਲੋਂ ਵੱਧ ਅੱਜ ਰੋਈ ਮੈਂ ਕੁਰਲਾਈ ਮੈਂ
ਹੰਝੂਆਂ ਨਾਲ ਹੜੀ ਇੱਕ ਨਦੀ ਅੱਜ ਵਗਾਈ ਮੈਂ
ਇਸ ਜਗ ਦੀ ਸਭ ਤੋਂ ਭੈੜੀ ਕੁੜੀ ਮੈਂ ਸੁਦਾਈ ਮੈਂ
ਮਿਟ ਗਿਆ ਨਾਂ ਜੋ ਮੈਂ ਲਿਖ ਆਈ ਸੀ ਰੇਤ ਤੇ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ

ਪੂਰੀ ਜਿੰਦ ਨਿਮਾਣੀ ਵਿੱਚ ਕਰਮ ਮੇਰੇ ਮਾੜੇ ਸੀ
ਪਿਆਰ ਨਾਲ ਤੇਰੇ ਲਿਖੇ ਖ਼ਤ ਵੀ ਮੈਂ ਸਾੜੇ ਸੀ
ਧੋਖੇ ਦੀ ਹਨ੍ਹੇਰੀ ਨੇ ਪਾਏ ਉਦੋਂ ਪੁਆੜੇ ਸੀ
ਅੱਖੋਂ ਟਪਕ ਹੰਝੂ ਡਿੱਗਿਆ ਮੇਰੀ ਪੰਜ਼ੇਬ ਤੇ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ

ਮੌਤ ਤੋਂ ਪਹਿਲਾਂ ਮੈਂ ਤੇਰੀ ਨਾ ਹੋ ਸਕੀ
ਦਿਲ ਤੇ ਕਾਲੇ ਦਾਗ ਸੀ ਜੋ ਹੱਥੀਂ ਨਾ ਮੈਂ ਧੋ ਸਕੀ
ਸਮਾਂ ਘੱਟ ਹੋਣ ਕਰਕੇ ਪੂਰਾ ਨਾ ਮੈਂ ਰੋ ਸਕੀ
ਪਾਪ ਦੇ ਦਾਰੂ ਬਾਝੋਂ ਚਲਦੀ ਰਹੀ ਪਰਹੇਜ਼ ਤੇ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ

ਸੱਚ ਜਾਣੋਂ ਮੇਰੀ ਸੁਣੋ ਜਿੰਦ ਮੈਂ ਅੱਜ ਹਾਰ ਚੱਲੀ
ਸਜ਼ਦਾ ਕਰ ਪਿਆਰ ਨੂੰ ਮੈਂ ਆਪਣਾ ਆਪ ਮਾਰ ਚੱਲੀ
ਸੰਦੀਪ ਮੈਂ ਅੱਜ ਯਾਰ ਨੂੰ ਅਖੀਰ ਵਾਰੀ ਪੁਕਾਰ ਚੱਲੀ
ਮੈਨੂੰ ਜਦ ਮਰਜ਼ੀ ਲੱਭ ਲਿਉ ਲਾਸ਼ਾਂ ਵਾਲੇ ਢੇਰ ਤੇ
ਸੁੱਤਾ ਰਿਹਾ ਚੰਨ ਮੇਰਾ ਫੁੱਲਾਂ ਵਾਲੀ ਸੇਜ ਤੇ

# ਕੀ ਹੋਇਆ

ਕੀ ਹੋਇਆ ਉਹ ਸਾਡੇ ਵੱਲ ਹੁਣ ਤੱਕਦੇ ਵੀ ਨਹੀਂ
ਰੱਜ ਕੇ ਤੱਕਣੀ ਪਾਉਣਗੇ ਜਦੋਂ ਛੱਡ ਜਹਾਨ ਅਸੀਂ ਜਾਵਾਂਗੇ
ਤੱਕ ਤੱਕ ਤਸਵੀਰ ਸਾਡੀ ਹੰਝੂ ਕਦੇ ਰੁਕਣੇ ਨਹੀਂ
ਕੀਮਤ ਸਾਡੀ ਦਾ ਪਤਾ ਲੱਗੂ ਜਦੋਂ ਛੱਡ ਇਕੱਲਾ ਜਾਵਾਂਗੇ

ਕੀ ਹੋਇਆ ਉਹ ਸਾਡੇ ਵੱਲ ਹੁਣ ਤੱਕਦੇ ਵੀ ਨਹੀਂ
ਅਸੀਂ ਮਰ ਥੋੜ੍ਹਾ ਚੱਲੇ ਉਹਦੀ ਤੱਕਣੀ ਤੋਂ ਬਗੈਰ ਯਾਰੋ
ਭਰਮ ਭੁਲੇਖਾ ਕੱਢ ਦੇਵੇ ਸੁਨੇਹਾ ਉਹਨੂੰ ਦੇ ਦਿਉ
ਅਸੀਂ ਉੱਡਣਾ ਜਾਣਦੇ ਹਾਂ ਖੰਭ ਤੋਂ ਬਗੈਰ ਯਾਰੋ

ਕੀ ਹੋਇਆ ਉਹ ਸਾਡੇ ਵੱਲ ਹੁਣ ਤੱਕਦੇ ਵੀ ਨਹੀਂ
ਅਸੀਂ ਕਿਹੜਾ ਜਿੰਦੜੀ ਵਿੱਚ ਪਹਿਲੀ ਵਾਰ ਠੱਗੇ ਗਏ
ਮੈਂ ਹਰ ਪੱਖੋਂ ਸਤਾਇਆ ਕਹਿਰ ਉਹਨਾਂ ਨੇ ਵੀ ਢਾਇਆ
ਜਦੋਂ ਉੱਠਣਾ ਕਦੇ ਚਾਹਿਆ ਉਹਨਾਂ ਵੱਲੋਂ ਠੱਲੇ ਗਏ

ਕੀ ਹੋਇਆ ਉਹ ਸਾਡੇ ਵੱਲ ਹੁਣ ਤਕਦੇ ਵੀ ਨਹੀਂ
ਅਸੀਂ ਹੋ ਡਾਚੀ ਸਵਾਰ ਮਾਰੂਥਲ ਵੱਲ ਵੱਧ ਚੱਲੇ
ਸੰਦੀਪ ਨਿਮਾਣੇ ਕੀ ਕਰਨਾ ਹਰਿਆਵਲ ਵਿੱਚ ਹੁਣ ਰਹਿ ਕੇ
ਬਗੈਰ ਜਿਹਦੇ ਨਾ ਕੱਟ ਹੁੰਦਾ ਉਹ ਯਾਰ ਅਸਾਂ ਨੂੰ ਛੱਡ ਚੱਲੇ

## ਕਮਜ਼ੋਰੀ

ਅੱਖ ਨੀਲੀ ਹੋਵੇ ਜਾਂ ਕਾਲੀ ਵਾਂਗ ਭੌਰਿਆਂ ਦੇ
ਮੱਥੇ ਵੱਟ ਪੈਣ ਤੇ ਇਹ ਲਾਲ ਹੋ ਜਾਂਵਦੀਆਂ
ਫਿਰ ਸਧਰਾਂ ਦੀਆਂ ਪੰਡਾਂ ਸੁਆਹ ਹੋ ਜਾਂਵਦੀਆਂ
ਭਾਅ ਕੌਡੀਆਂ ਦੇ ਸਾਨੂੰ ਤੁਸੀਂ ਨਾ ਸਮਝਿਆ ਕਰੋ
ਡਾਰ ਬਿਰਹੋ ਦੇ ਦੁੱਖਾਂ ਸਾਡੇ ਵੱਲ ਉੱਡੀ ਆਂਵਦੀਆਂ
ਜਾਪਣ ਸਾਹਾਂ ਦੀਆਂ ਤਿੜਾਂ ਅੱਧ ਤਿਹਾਈ ਹੋ ਜਾਂਵਦੀਆਂ
ਮੋਤੀ ਜਿਹੇ ਦੰਦ ਲੁਕੋ ਬੁੱਲੀਆਂ ਚ ਰੱਖਿਆ ਕਰੋ
ਇਉਂ ਜਾਪਣ ਜਿਉਂ ਮੱਸਿਆ ਵਾਂਗ ਦੁੱਧੀਆਂ ਰੁਸ਼ਨਾਵਦੀਆਂ
ਪਿਆਰ ਭਰੀਆਂ ਯਾਦਾਂ ਹੋਰ ਡੂੰਘੀਆਂ ਹੋ ਜਾਂਵਦੀਆਂ
ਅਸੀਂ ਨੇੜੇ ਆਈਏ ਤਾਂ ਨੱਸ ਨਾ ਜਾਇਆ ਕਰੋ
ਸੰਦੀਪ ਰੁੱਸੇ ਨੂੰ ਮਨਾਉਣ ਵਾਲੀਆਂ ਜਾਚਾਂ ਨਾ ਆਂਵਦੀਆਂ
ਸਾਡੀਆਂ ਆਪਣੀਆਂ ਕਮਜ਼ੋਰੀਆਂ ਹੋਰ ਜਾਣ ਰੁਆਂਵਦੀਆਂ

## ਰੁੱਤ ਰੋਣ ਦੀ

ਮੈਂ ਜੰਗਲੀ ਝਾੜ ਹਾਂ ਸ਼ਹਿਰ ਵਿੱਚ ਉੱਗੀ ਹੋਈ
ਸਾਰੀ ਉਮਰ ਬਦਨਾਮੀ ਦੀ ਮੈਂ ਲੱਤੜ ਢੋਈ
ਆਪਣੇ ਵੀ ਪਰਾਏ ਮੈਥੋਂ ਸਦਾ ਹੁੰਦੇ ਗਏ
ਰੂਹ ਨਿਮਾਣੀ ਸਾਡੀ ਸਦਾ ਮਾਰ ਦੁਹੱਥੜ ਰੋਈ
ਗਮਾਂ ਦੀ ਬਰਸਾਤ ਵਿੱਚ ਅਸੀਂ ਸਦਾ ਭਿੱਜਦੇ ਰਹੇ
ਗੱਲ ਵਿਛੋੜੇ ਵਾਲੀ ਵੀ ਸਹਿ ਨਾ ਮੈਥੋਂ ਹੋਈ
ਮੱਥੇ ਦੀ ਲਕੀਰ ਦੋਸ਼ੀ ਅਸੀਂ ਇਹੋ ਲਿਖਦੇ ਰਹੇ
ਬੇਗਾਨੇ ਇਸ ਜਗ ਅੰਦਰ ਮੈਂ ਇਕੱਲੀ ਬਹਿ ਕੇ ਰੋਈ
ਸੋਚਿਆ ਦੁੱਖ ਮੁਕਾਉਣ ਲਈ ਬੇਨਤੀ ਕਰਾਂ ਰੱਬ ਨੂੰ
ਕਿਹੜੀ ਗੱਲੋਂ ਰੱਬ ਨੇ ਵੀ ਫ਼ਰਿਆਦ ਨਾ ਸੁਣੀ ਕੋਈ
ਸੰਦੀਪ ਜਿਹੇ ਨਿਮਾਣੇ ਦੇ ਹੋਣੇ ਸਾਰੇ ਕਰਮ ਮਾੜੇ
ਤਾਂ ਹੀ ਸਾਡੀ ਗਲਤੀ ਮਾਫ਼ ਰੱਬ ਤੋਂ ਵੀ ਨਾ ਹੋਈ

## ਕੀ ਕਰਦਾ

ਧੋਖਾ ਕਰਨਾ ਆਦਤ ਹੈ
ਜੇ ਹੁਸਨਾਂ ਦੀ ਸਰਕਾਰਾਂ ਦੀ
ਪੈਣੀਆਂ ਅੰਤ ਜੁਦਾਈਆਂ ਸੀ
ਮੈਂ ਪਿਆਰ ਨਿਭਾ ਕੇ ਕੀ ਕਰਦਾ
ਇੱਕੋ ਯਾਰ ਹੀ ਕੋਲ ਹੋਵੇ
ਹੋਣ ਦੁਸ਼ਮਣ ਲੱਖ ਹਜ਼ਾਰਾਂ ਵੀ
ਜੇ ਵਾਰ ਮੇਰੇ ਤੇ ਹੋਣਾ ਸੀ
ਹਥਿਆਰ ਲਿਆ ਕੇ ਕੀ ਕਰਦਾ
ਸੌਖਾ ਨਾ ਰਾਹ ਇਸ਼ਕੇ ਦਾ
ਅਸੀਂ ਇਕੱਲੇ ਤੁਰ ਕੇ ਜਾਣਾ ਸੀ
ਸੌ ਕੰਧਾਂ ਪਈਆਂ ਖੜੀਆਂ ਸਨ
ਦੋ ਚਾਰ ਮੈਂ ਢਾਹ ਕੇ ਕੀ ਕਰਦਾ
ਹਾਲਾਤ ਇਹੋ ਜਿਹੇ ਢੁੱਟ ਪਏ
ਅਗਾਂਹ ਸੰਦੀਪ ਨਿਮਾਣੇ ਦੇ
ਉਹਨਾਂ ਲੱਤ ਮਾਰ ਤੁਰ ਜਾਣਾ ਸੀ
ਮੈਂ ਯਾਰ ਮਨਾ ਕੇ ਕੀ ਕਰਦਾ

## ਭਟਕਣ

ਕੀ ਖੱਟਦੇ ਨੇ ਲੋਕੀ ਇਸ਼ਕ ਧੋਖੇ ਕਰਕੇ
ਦੱਸੋ ਕੌਣ ਹੈ ਜਿਹਨੇ ਕਦੇ ਮਰਨਾਂ ਨਹੀਂ
ਕਰ ਮਿਹਰ ਵੇ ਰੱਬਾ ਤੂੰ ਮੇਰੇ ਉੱਤੇ
ਤੇਰੀ ਕਿਰਪਾ ਬਗੈਰ ਮੇਰਾ ਇੱਥੇ ਸਰਨਾ ਨਹੀਂ
ਉਂਝ ਹਰ ਕੋਈ ਕਹਿ ਦਿੰਦਾ ਸ਼ਰੇਆਮ ਲੋਕੋ
ਕਿ ਮੈਂ ਕਿਸੇ ਤੋਂ ਕਦੇ ਡਰਨਾ ਨਹੀਂ
ਬੜੇ ਮਿੱਤਰ ਪਿਆਰੇ ਬਣੇ ਫਿਰਦੇ ਨੇ
ਅੰਤ ਨਾਲ ਕਿਸੇ ਨੇ ਕਦੇ ਖੜਨਾ ਨਹੀਂ
ਕੀ ਕਰਾਂ ? ਦੋਸ਼ ਵੀ ਕੀ ਲਾਵਾਂ ?
ਦਿਲ ਧੋਖੇਬਾਜ਼ ਦਾ ਕਦੇ ਭਰਨਾ ਨਹੀਂ
ਅਸਾਂ ਪਿਆਰ ਕਰ ਬਹੁਤਾ ਠੱਗੇ ਗਏ
ਹੁਣ ਦੁੱਖ ਬਹੁਤਾ ਅਸਾਂ ਜ਼ਰਨਾ ਨਹੀਂ
ਜਿਉਂਦੇ ਜੀ ਤਾਂ ਸਾਨੂੰ ਦੁਰਕਾਰਿਆ ਸੱਭੇ
ਕਿਹਾ ਦੁਨਿਆਵੀ ਰੰਗ ਇਸਤੇ ਚੜ੍ਹਨਾ ਨਹੀਂ
ਚਿੱਟੀ ਚਾਦਰ ਚ ਮਾਰਨੀ ਜਦੋਂ ਬੁੱਕਲ ਅਸਾਂ
ਉਦੋਂ ਰੋਕਿਆ ਕਿਸੇ ਦੇ ਅਸਾਂ ਰੁਕਣਾ ਨਹੀਂ
ਸਦਾ ਵਿਹਲਾ ਨੇ ਸਮਝਦੇ ਲੋਕ ਸਾਨੂੰ
ਕਹਿੰਦੇ ਕੰਮ ਤਾਂ ਇਹਨੈ ਕਦੇ ਕਰਨਾ ਨਹੀਂ
ਜਦੋਂ ਤਿਲ ਤਿਲ ਕਰਦਾ ਸਾਹ ਵੀ ਮੁੱਕ ਚੱਲੂ
ਅੱਗੇ ਪਾਣੀ ਵੀ ਕਿਸੇ ਨੇ ਮੇਰੇ ਧਰਨਾ ਨਹੀਂ
ਜਿਸਮ ਸੰਦੀਪ ਦਾ ਸੁੱਟ ਸ਼ਮਸ਼ਾਨ ਅੰਦਰ
ਦੋ ਪਲ ਵੀ ਕਿਸੇ ਨੇ ਉੱਥੇ ਖੜ੍ਹਨਾ ਨਹੀਂ
ਦੋ ਦਿਨ ਕੀੜਿਆਂ ਨੇ ਖਾਣੀ ਲਾਸ਼ ਮੇਰੀ
ਮੁੜ ਰੂਹ ਸਾਡੀ ਨੇ ਕਦੇ ਠਰਨਾ ਨਹੀਂ

# ਚੇਤਾ

ਲੈ ਗਈ ਬਾਜ਼ੀ ਇਸ਼ਕੇ ਦੀ
ਸਾਡੇ ਨਾਲ ਵਿਛੋੜਾ ਪਾ ਕੇ ਤੂੰ
ਕਿਤੇ ਬਹਿ ਕੇ ਸੋਚਾਂ ਵਿੱਚ ਨਾ ਪਈ
ਤੈਨੂੰ ਚੇਤਾ ਸਾਡਾ ਆਵੇਗਾ
ਕਦੇ ਕਹਿੰਦੀ ਸੀ ਮੈਂ ਤੇਰੀ ਹਾਂ
ਹੁਣ ਸਾਡੇ ਵਰਗਾ ਵੈਰੀ ਨਾ
ਜੇ ਘਾਟ ਪਈ ਕਿਤੇ ਇਸ਼ਕੇ ਦੀ
ਤੈਨੂੰ ਚੇਤਾ ਸਾਡਾ ਆਵੇਗਾ
ਤੈਨੂੰ ਕੀ ਲੱਗਦਾ ਅਸੀਂ ਮਾੜੇ ਸਾਂ
ਅਸੀਂ ਜਾਨ ਵਾਰਨ ਨੂੰ ਫਿਰਦੇ ਹਾਂ
ਜੇ ਲੋੜ ਪਈ ਕਿਸੇ ਮੋੜ ਤੇ
ਤੈਨੂੰ ਚੇਤਾ ਸਾਡਾ ਆਵੇਗਾ
ਬੇਗਾਨੇ ਮੁਲਕ ਤੂੰ ਉੱਡ ਗਈ ਏਂ
ਸੰਦੀਪ ਹੁੰਦਾ ਹੀ ਕੌਣ ਸੀ ?
ਜਦੋਂ ਮੌਤ ਨੂੰ ਗਲ ਅਸੀਂ ਲਾਵਾਂਗੇ
ਤੈਨੂੰ ਚੇਤਾ ਸਾਡਾ ਆਵੇਗਾ

## ਸ਼ਿਕਵਾ

ਕਸੂਰ ਨਾ ਕੋਈ ਉਹਦਾ
ਇਹ ਤਾਂ ਗਲਤੀ ਅਸਾਂ ਕਰ ਬੈਠੇ ਸਾਂ
ਛੱਡ ਸਿਆਣਪ ਆਪਣੀ
ਕਿਉਂ ਜਾ ਇਸ਼ਕੇ ਦੀ ਬੇੜੀ ਬੈਠੇ ਸਾਂ
ਵਿੱਚ ਸਮੁੰਦਰ ਜਾ ਕੇ
ਅਸੀਂ ਟਾਕਰ ਗਏ ਤੁਫਾਨਾਂ ਨਾਲ
ਹਨ੍ਹੇਰੀ ਇਸ਼ਕੇ ਦੀ ਵੱਡੀ ਸੀ
ਕੀ ਕਰਨਾ ਅਸੀਂ ਕਿਰਪਾਣਾ ਨਾਲ
ਉਹ ਬੇੜੀ ਚੋਂ ਉੱਠ ਉਡ ਗਏ
ਅਸੀਂ ਇਕੱਲੇ ਉੱਥੇ ਖਹਿੰਦੇ ਰਹੇ
ਜ਼ੁਲਮ ਹੋਇਆ ਜੋ ਸਾਡੇ ਤੇ
ਅਸੀਂ ਚੁੱਪ ਕਰ ਉਸਨੂੰ ਸਹਿੰਦੇ ਰਹੇ
ਇਕੱਲਾ ਛੱਡ ਕੇ ਸਾਨੂੰ
ਉਹ ਤਾਂ ਤੁਰ ਗਏ ਉਡਾਰੀਆਂ ਲਾਉਂਦੇ
ਸਾਨੂੰ ਡੋਬ ਕੇ ਹੱਸਦੇ ਨੇ
ਅਸੀਂ ਮਰ ਗਏ ਯਾਰੀਆਂ ਲਾਉਂਦੇ
ਮਾਫ ਕਰੀਂ ਵੇ ਰੱਬਾ
ਤੇਰਾ ਦਰਜਾ ਉਸਨੂੰ ਦਿੱਤਾ ਮੈਂ
ਦੂਰ ਤੈਥੋਂ ਹੋ ਕੇ ਸਦਾ
ਘੁੱਟ ਜ਼ਹਿਰ ਦਾ ਪੀਤਾ ਮੈਂ
ਹੁਣ ਵੀ ਸ਼ਿਕਵਾ ਨਹੀਓਂ
ਨਾ ਹੀ ਤੇਰੇ ਨਾਲ ਵੈਰ ਕੁੜੇ
ਤਾਂ ਕੀ ਹੋਇਆ ਦੇਹਰੀ ਸਾਡੀ ਤੇ
ਨਿੱਤ ਕਰਦੀ ਤੂੰ ਸੈਰ ਕੁੜੇ
ਪੋਲੇ ਜਿਹੇ ਪਭ ਧਰਦੀ
ਅਸੀਂ ਚੁੰਮੀਏ ਤੇਰੇ ਨਿਸ਼ਾਨਾਂ ਤੱਕ
ਸੰਦੀਪ ਨਿਮਾਣੇ ਨੂੰ ਸੁਣਦੇ
ਤੇਰੇ ਗੀਤ ਇੱਥੇ ਸ਼ਮਸ਼ਾਨਾਂ ਤੱਕ

## ਮੌਤ ਦਾ ਡਰ

ਨਾ ਚਾਹੁੰਦਿਆਂ ਦੁੱਖ ਕੌਣ ਜ਼ਰਦਾ ਇੱਥੇ
ਲੇਖਾਂ ਦੀ ਕਲਮ ਆਪਣੇ ਹੱਥ ਹੁੰਦੀ ਜੇਕਰ
ਅੱਖਾਂ ਚ ਨਸ਼ਾ ਰਤਾ ਨਾ ਹੁੰਦਾ
ਚਸ਼ਮਾ ਕਾਲਾ ਨੱਕ ਉੱਤੇ ਨਾ ਚੜਦਾ ਜੇਕਰ
ਸੱਸੀ ਕਾਹਨੂੰ ਜਾ ਮਰਦੀ ਮਾਰੂਥਲ ਵਿੱਚ ਧੁੱਪੇ
ਪੁੰਨੂੰ ਕਿਤੇ ਨਾ ਚੱਕਿਆ ਹੋਤਾਂ ਨੇ ਹੁੰਦਾ ਜੇਕਰ
ਨਾ ਬਣਦਾ ਇੱਜ਼ਤ ਬੇਗ ਕਦੇ ਮਹੀਂਵਾਲ
ਤੁੱਲਾ ਲੈ ਸੋਹਣੀ ਵਪਾਰ ਤੇ ਨਾ ਬੈਠਾ ਹੁੰਦਾ ਜੇਕਰ
ਮੌਤ ਨਾਲ ਵਾਧੂ ਪਿਆਰ ਆਸ਼ਕਾਂ ਨੂੰ
ਸਾਹ ਰੁਕਣ ਨਾਲ ਮਿਲਦਾ ਸੁਖ ਹੁੰਦਾ ਜੇਕਰ
ਮਰ ਤਾਂ ਕਦੋਂ ਦਾ ਮੈਂ ਗਿਆ ਹੁੰਦਾ
ਡਰ ਅੱਡੀਆਂ ਰਗੜਨੇ ਦਾ ਨਾ ਹੁੰਦਾ ਜੇਕਰ

# ਭਰਮ

ਕੱਚ ਦਿਲ ਨੂੰ ਨਹੀਂ ਸਮਝੀ ਦਾ
ਤੰਦ ਵਾਦਿਆਂ ਨੂੰ ਨਹੀਂ ਸਮਝੀ ਦਾ
ਚੀਜ਼ਾਂ ਵੱਡਮੁੱਲੀਆਂ ਨੂੰ
ਭਾਅ ਕੌਡੀਆਂ ਦੇ ਨਹੀਂ ਸਮਝੀਦਾ
ਵਿਰਲਾ ਕੋਈ ਹੁੰਦਾ ਜੋ,
ਵਫ਼ਾ ਵਾਂਗ ਧਰਮ ਨਿਭਾਵੇ
ਸੱਚੇ ਉਸ ਵਣਜਾਰੇ ਨੂੰ
ਵਾਂਗ ਧੱਬਿਆਂ ਦੇ ਨਹੀਂ ਸਮਝੀ ਦਾ
ਛੋਟੀ ਉਮਰੇ ਲੜਦੀ
ਅੱਖ ਜਦੋਂ ਮੁਟਿਆਰ ਨਾਲ
ਨਿੱਤ ਨਵੇਂ ਇਸ਼ਕ ਧਾਰੀਆਂ ਨੂੰ
ਵਾਂਗ ਅੱਲੜਾਂ ਦੇ ਨਹੀਂ ਸਮਝੀਦਾ
ਕਰਮਾਂ ਦੇ ਲੇਖ ਚ
ਜ਼ਿਕਰ ਵਿਛੋੜੇ ਦਾ ਹੋਵੇ ਜੇਕਰ
ਉਸ ਸੋਹਣੇ ਫੁੱਲ ਗੁਲਾਬ ਨੂੰ
ਵਾਂਗ ਭੱਖੜੇ ਦੇ ਨਹੀਂ ਸਮਝੀਦਾ
ਭੇੜ ਬੂਹਾ ਰੌਂਦੇ ਜੋ
ਵਿੱਚ ਵੜ ਵੜ ਚਾਦਰਾਂ ਦੇ
ਲੇਖਾਂ ਦੇ ਮਾਰਿਆਂ ਨੂੰ
ਵਾਂਗ ਕੱਚਿਆਂ ਦੇ ਨਹੀਂ ਸਮਝੀ ਦਾ
ਝੂਠ, ਧੋਖਾ ਹਥਿਆਰ ਜਿਹਨਾਂ ਦੇ
ਵਾਂਗ ਸੰਦੀਪ ਨਿਮਾਣੇ ਦੇ
ਬਦਲ ਜਾਣ ਵਾਲਿਆਂ ਨੂੰ
ਵਾਂਗ ਸੱਚਿਆਂ ਦੇ ਨਹੀਂ ਸਮਝੀ ਦਾ

# ਜੁਗਨੂੰ ਦੀ ਸਿਖਲਾਈ

ਪੁੰਨਿਆ ਦੀ ਇੱਕ ਸੋਹਣੀ ਰਾਤ ਨੂੰ
ਵੇਖ ਤਾਰੇ ਜੁਗਨੂੰ ਵੀ ਪਰੇਸ਼ਾਨ ਹੋ ਗਿਆ
ਚਮਕਦੇ ਸੋਹਣੇ ਇਹਨਾਂ ਹੀਰੇ ਵਰਗੇ ਤਾਰਿਆਂ ਤੇ
ਸੋਚੇ ਰੱਬ ਵੀ ਇੰਨਾ ਕਿੰਨਾ ਮਹਿਰਬਾਨ ਹੋ ਗਿਆ
ਸੀਵਿਆਂ ਚੋਂ ਵੇਖੇ ਜਾਂ ਬਹਿ ਕਿਸੇ ਗੁਲਾਬ ਤੇ
ਮੰਦਰ ਤੇ ਬੈਠੇ ਜਾਂ ਦੇਹਰੀ ਕਿਸੇ ਪੀਰ ਦੀ
ਜਿਧਰੋਂ ਵੀ ਵੇਖੇ ਤਾਰਾ ਇੱਕੋ ਜਿਹਾ ਦਿੱਸਦਾ
ਹਰ ਪੱਖੋਂ ਇੱਕੋ ਵੇਖ ਹੈਰਾਨ ਹੋ ਗਿਆ
ਅਵੱਲੀ ਹੀ ਹੁੰਦੀ ਸਰਬਵਿਆਪੀ ਦੀ ਖੇਡ ਵੀ
ਤਾਰਿਆਂ ਨਾਲ ਪਿਆਰ ਨਿੱਕੇ ਜੁਗਨੂੰ ਨੂੰ ਹੋ ਗਿਆ
ਰੱਬ ਦੀ ਬਣਾਈ ਇਸ ਸੋਹਣੀ ਜਿਹੀ ਧਰਤ ਨੂੰ
ਛੱਡ ਕੇ ਉਡਾਰੀ ਮਾਰ ਰਾਹ ਤਾਰਿਆਂ ਦੀ ਹੋ ਲਿਆ
ਕੁੱਝ ਸਮਾਂ ਲੰਘਿਆ ਤਾਂ ਹਮਲੇ ਇੱਕ ਗਿਰਝ ਦੇ
ਜ਼ਖ਼ਮੀ ਕਰ ਸੁੱਟਿਆ ਜੁਗਨੂੰ ਅੱਧ ਮੋਇਆ ਹੋ ਗਿਆ
ਹੰਭਦਾ ਹੋਇਆ ਜੁਗਨੂੰ ਜਦ ਧਰਤੀ ਤੇ ਡਿੱਗ ਪਿਆ
ਪਾਣੀ ਪੀਂਦਿਆਂ ਦਾ ਗੜਵਾ ਮੇਰੇ ਹੱਥੋਂ ਵੀ ਡਿੱਗ ਪਿਆ
ਮੈਂ ਕਿਹਾ ਨਾਲ ਆਪਣੇ ਜੇ ਮੈਨੂੰ ਵੀ ਲੈ ਚੱਲੇਂ
ਨਾ ਹਮਲਾ ਕਰੂ ਗਿਰਝ ਨਾ ਹੋਊ ਕੋਈ ਡਰ ਪੱਲੇ
ਇੱਕ ਰੀਝ ਮੇਰੀ ਮਰ ਗਈ ਵਰ੍ਹੇ ਪਹਿਲਾਂ ਗਈ
ਕਿਸੇ ਤਾਰੇ ਦਾ ਰੂਪ ਲੈ ਅੰਬਰਾਂ ਚ ਵਸਦੀ ਇਕੱਲੇ
ਨਾ ਮਨਭਾਉਂਦੀ ਹੀਰ ਮਿਲੀ ਰੀਝ ਨੂੰ ਤਾਂ ਮਿਲ ਲਈਏ
ਭਰਨਗੇ ਦੋਹਾਂ ਦੇ ਘੱਟੋ-ਘੱਟ ਜ਼ਖ਼ਮ ਅੱਲ੍ਹੇ
ਤੰਦ ਖੰਭਾਂ ਚ ਬੰਨ੍ਹ ਇੱਕ ਸਿਰਾ ਮੈਨੂੰ ਫੜਾ
ਜ਼ੋਰ ਦੀ ਉਡਾਰੀ ਜਦ ਉਸ ਜੁਗਨੂੰ ਨੇ ਮਾਰੀ
ਉਹਦੇ ਖੰਭ ਵੀ ਟੁੱਟ ਗਏ ਤੰਦ ਵੀ ਟੁੱਟ ਗਈ

ਅਤੇ ਟੁੱਟ ਗਈ ਤਾਰਿਆਂ ਨੂੰ ਮਿਲਣ ਦੀ ਉਮੀਦ ਸਾਰੀ
ਗੜਵੇ ਚੋਂ ਡਿੱਗੇ ਪਾਣੀ ਵਿੱਚ ਉਹ ਡਿੱਗ ਪਿਆ
ਵੇਖ ਬਿੰਬ ਤਾਰਿਆਂ ਦਾ ਉਸ ਪਾਣੀ ਵਿੱਚ ਚੀਕ ਮਾਰੀ
ਮੁੱਕ ਗਈਆਂ ਵਾਟਾਂ ਤੇ ਮੁੱਕ ਗਈਆਂ ਰਾਤਾਂ
ਤੇ ਟੁੱਟ ਗਈ ਸਾਹਾਂ ਦੀ ਉਹਦੀ ਬਚੀ ਡੋਰ ਸਾਰੀ
ਉਸ ਰਾਤ ਤੋਂ ਬਾਅਦ ਦਿਲ ਮੇਰਾ ਝੰਜੋੜਦਾ ਹੈ
ਵਾਂਗ ਜੁਗਣੂ ਦੇ ਪਿਆਰ ਜੇ ਪ੍ਰੀਤਮ ਨੂੰ ਕਰੇ ਕੋਈ
ਨਾ ਮਰੇ ਕੋਈ ਸੁਫਨਾ ਨਾ ਮਰੇ ਕੋਈ ਆਸ
ਨਾ ਵਾਂਗ ਸੰਦੀਪ ਨਿਮਾਣੇ ਦੇ ਬਿਰਹਾ ਵਿੱਚ ਫਸੇ ਕੋਈ

## ਮੌਤ ਦਾ ਪ੍ਰਗਟਾਅ

ਮੌਤ ਕਹੇ ਨਿਮਾਣੇ ਨੂੰ ਮੈਂ ਦਰ ਤੇਰੇ ਹਾਂ ਆਈ
ਬਹੁਤ ਗੁਜ਼ਾਰੀ ਜਿੰਦ ਹੁਣ ਸਭ ਹੋ ਜਾਊ ਚੀਜ਼ ਪਰਾਈ
ਮੌਤ ਦਾ ਹੁਣ ਤਾਂ ਡਰ ਕੋਈ ਨਾ
ਜਦੋਂ ਮਰਜ਼ੀ ਰੰਗ ਵਿਖਾਵੇ
ਕੀ ਕਰਨੀ ਜਿੰਦ ਬਚਾ ਕੇ
ਕਿਤੇ ਜਾਂਦੀ ਏ ਪਈ ਜਾਵੇ
ਮਰ ਤਾਂ ਮੈਂ ਉਦੋਂ ਦਾ ਗਿਆ
ਸੋਹਣੀ ਹੋ ਗਈ ਜਦੋਂ ਪਰਾਈ
ਮੌਤ ਕਹੇ ਨਿਮਾਣੇ ਨੂੰ, ਮੈਂ ਦਰ ਤੇਰੇ ਹਾਂ ਆਈ
ਕੀ ਵਿਗਾੜੂ ਮੌਤ ਮੇਰਾ
ਵਿਗਾੜ ਤਾਂ ਮੇਰਾ ਯਾਰ ਗਿਆ
ਇਸ਼ਕ ਤਾਂ ਮੈਂ ਵੀ ਕੀਤਾ ਸੀ
ਪਰ ਇਹ ਬਾਜ਼ੀ ਹਾਰ ਗਿਆ
ਪਿਆਰ ਉਹ ਡੂੰਘਾ ਖੂਹ ਹੈ
ਜਿਸਨੇ ਜਿੰਦ ਹੈ ਮੇਰੀ ਖਾਈ
ਮੌਤ ਕਹੇ ਨਿਮਾਣੇ ਨੂੰ
ਮੈਂ ਦਰ ਤੇਰੇ ਹਾਂ ਆਈ
ਬਹੁਤ ਗੁਜ਼ਾਰੀ ਜਿੰਦ ਹੁਣ
ਸਭ ਹੋ ਜਾਊ ਚੀਜ਼ ਪਰਾਈ
ਮੌਤ ਕਹੇ ਨਿਮਾਣੇ ਨੂੰ
ਮੈਂ ਦਰ ਤੇਰੇ ਹਾਂ ਆਈ

## ਡਰ ਵਿਛਣਨ ਦਾ

ਉਹ ਯਾਰ ਮੇਰਾ ਉਹ ਪਿਆਰ ਮੇਰਾ
ਮੇਰਾ ਯਾਰ ਬਣ ਬੈਠਾ ਮੇਰੀ ਜਾਨ
ਮੇਰੀ ਜਾਨ ਸਭ ਤੋਂ ਵੱਧ ਪਿਆਰੀ
ਵੇ ਯਾਰਾ ਇੰਨੀ ਛੱਡ ਖ਼ੁਮਾਰੀ
ਮੇਰਾ ਇਸ਼ਕ ਹੀ ਮੇਰੀ ਤਾਕਤ ਏ
ਇਹ ਤਾਕਤ ਬਣ ਬੈਠੀ ਪਛਾਣ
ਇਹ ਪਛਾਣ ਵੀ ਨਾ ਕਦੇ ਲੁੱਕਦੀ
ਇਹ ਪਿਆਸ ਅੱਖਾਂ ਦੀ ਨਾ ਮੁੱਕਦੀ
ਭਾਂਵੇਂ ਮੁੱਕ ਜਾਵੇ ਆਪ ਨਿਮਾਣਾ
ਭਾਵੇਂ ਹੋ ਜਾਵੇ ਲਹੂ ਲੁਹਾਨ
ਇਸ ਲਹੂ ਦੀ ਕੀਮਤ ਕੱਖ ਨਹੀਂ
ਜੇ ਯਾਰ ਹੀ ਆਪਣੇ ਵੱਸ ਨਹੀਂ
ਵੱਸ ਮੈਂ ਉਸਨੂੰ ਤਾਂ ਕਰਾਂ
ਜੇ ਬਣ ਆਵੇ ਮਹਿਮਾਨ
ਇੱਕ ਵਾਰੀ ਦਿਲ ਵਿੱਚ ਆ ਤਾਂ ਸਹੀ
ਦੁੱਖੜੇ ਆਪ ਸੁਣਾ ਤਾਂ ਸਹੀ
ਜੇ ਮੇਰੇ ਦੁੱਖ ਸੁਣ ਲਏ ਤੂੰ
ਨਿੱਤ ਰਹੇਂਗੀ ਤੂੰ ਪਰੇਸ਼ਾਨ
ਤੈਨੂੰ ਪਰੇਸ਼ਾਨ ਮੈਂ ਵੇਖ ਕੇ
ਦੁੱਖ ਮੇਰੀ ਜਾਨ ਨੂੰ ਵੇਖ ਕੇ
ਬਹਿ ਮੌਤ ਉਡੀਕਾਂ ਆਪਣੀ
ਇਹ ਜਗ ਦੁੱਖਾਂ ਦੀ ਖਾਨ
ਜਿਸ ਦਿਨ ਸੰਦੀਪ ਮਰ ਜਾਵੇਗਾ
ਜਗ ਗੀਤ ਉਸ ਦੇ ਗਾਵੇਗਾ
ਪਰ ਗੀਤ ਨੂੰ ਮੇਰੇ ਸੁਣ ਕੇ
ਆਉਣਗੇ ਸਾਰੇ ਮੇਰੇ ਸ਼ਮਸ਼ਾਨ
ਮਰ ਕੇ ਵੀ ਡਰ ਸਤਾਵੇਗਾ
ਕਿਤੇ ਰੋਵੇ ਨਾ ਮੇਰੀ ਜਾਨ

## ਲਾਸ਼ ਦੀ ਅਰਜ਼

ਨਾ ਸਾੜੋ ਮੇਰੀ ਨਿਮਾਣੀ ਜਿਹੀ ਲਾਸ਼ ਨੂੰ ਅਜੇ
ਮੇਰੀ ਮੌਤ ਦੀ ਜ਼ੁੰਮੇਵਾਰ ਰਕਾਨ ਦਾ ਆਉਣਾ ਬਾਕੀ ਏ
ਜਿਹਦੇ ਨਾਲ ਵਸਣ ਦੀ ਤਾਂਘ ਸੀ ਵਸੀ ਦਿਲ ਵਿੱਚ
ਡੋਬ ਕੇ ਤੁਰ ਜਾਣ ਵਾਲੀ ਉਸ ਜਾਨ ਦਾ ਆਉਣਾ ਬਾਕੀ ਏ
ਹਿਜ਼ਰ ਜਿਸ ਮੁਟਿਆਰ ਦਾ ਹੰਢਾ ਨਾ ਹੋਇਆ ਮੈਥੋਂ ਕਦੇ
ਗੈਰਾਂ ਦੇ ਨਾਲ ਫਿਰਦੀ ਉਸ ਤੂਫ਼ਾਨ ਦਾ ਆਉਣਾ ਬਾਕੀ ਏ
ਆਪਣਿਆਂ ਨੂੰ ਖਾਣ ਵਾਲੀ ਉਸ ਸੱਪਣੀ ਦਾ ਕੀ ਕਰੀਏ
ਐਸੀ ਫਿਤਰਤ ਵਾਲੀ ਉਸ ਬੇਈਮਾਨ ਦਾ ਆਉਣਾ ਬਾਕੀ ਏ
ਵਰਤ ਵੇਖੋ ਕੁੱਤਾ ਵੀ ਵਫਾਦਾਰ ਹੁੰਦਾ ਮਾਲਕ ਦਾ
ਲੱਗਦਾ ਕੁੜੀਆਂ ਵਿੱਚ ਅਜੇ ਈਮਾਨ ਦਾ ਆਉਣਾ ਬਾਕੀ ਏ
ਇਤਿਹਾਸ ਦੀਆਂ ਕਿਤਾਬਾਂ ਵਿੱਚ ਨਾਂ ਉਸ ਦਾ ਵੀ ਆਵੇਗਾ
ਜਿੱਤਗੀ ਬਾਜ਼ੀ ਇਸ਼ਕੇ ਦੀ ਉਸ ਮਾਣ ਦਾ ਆਉਣਾ ਬਾਕੀ ਏ
ਲੋਕ ਮੇਰੀ ਮੌਤ ਦਾ ਤਮਾਸ਼ਾ ਵੇਖ ਹੱਸਦੇ ਰਹੇ
ਇਹੋ ਕਰਮ ਕਰਨ ਵਾਲੀ ਉਸ ਸ਼ਾਨ ਦਾ ਆਉਣਾ ਬਾਕੀ ਏ
ਤੋਰ ਉਹਦੀ ਮੈਂ ਕੀ ਦੱਸਾਂ ਜਿਵੇਂ ਪਾਥੀਆਂ ਉੱਤੇ ਕਾਂ ਤੁਰਦੇ
ਜਿੰਦੜੀ ਵਿੱਚ ਬਣ ਰਹਿਣ ਵਾਲੀ ਨਿਸ਼ਾਨ ਦਾ ਆਉਣਾ ਬਾਕੀ ਏ
ਸੰਦੀਪ ਨਿਮਾਣੇ ਲਾਸ਼ ਸੜੇ ਇਸ ਅੱਗ ਚ ਇੰਨਾ ਦਮ ਨਹੀਂ
ਦਰਸ ਜਿਹਦੇ ਲੱਖ ਵਾਰ ਕਰਾਂ ਮੇਰੀ ਜਾਨ ਦਾ ਆਉਣਾ ਬਾਕੀ ਏ

# ਚਿਰਾਂ ਪਿੱਛੋਂ ਮੇਲ

ਚਿਰਾਂ ਪਿੱਛੋਂ ਰਾਹ ਚਲਦਿਆਂ
ਬੇਦਰਦ ਉਹ ਜਦੋਂ ਮਿਲਿਆ
ਅੱਖ ਸਾਡੀ ਨੇ ਤੱਕ ਅੰਬਰ ਨੂੰ
ਸਵਾਲ ਇੱਕ ਉਦੋਂ ਪੁੱਛਿਆ
ਚੰਨ ਤਾਰੇ ਤੋੜਨਾ
ਜਿਹਦੇ ਲਈ ਅਸਾਂ ਚਾਹੁੰਦੇ ਸਾਂ
ਪੀੜ ਅਨੋਖੀ ਦਰਦ ਅਵੱਲਾ
ਕਾਹਨੂੰ ਉਹਦੇ ਵੱਲੋਂ ਮਿਲਿਆ

ਚਿਰਾਂ ਪਿੱਛੋਂ ਰਾਹ ਚਲਦਿਆਂ
ਬੇਦਰਦ ਉਹ ਜਦੋਂ ਮਿਲਿਆ
ਬੁੱਲਾਂ ਉੱਤੇ ਨਿੱਕਾ ਜਿਹਾ
ਹਾਸਾ ਸਾਡੇ ਉਦੋਂ ਖਿੜਿਆ
ਹੱਸ ਲਈਏ ਰੋ ਲਈਏ
ਕੀਹਦੇ ਵੱਲ ਹੋ ਲਈਏ
ਫੁੱਲ ਨਾ ਕੋਈ ਵਿਹੜੇ ਸਾਡੇ
ਕਿਤੇ ਗ਼ਲਤੀ ਨਾਲੋਂ ਖਿੜਿਆ

ਚਿਰਾਂ ਪਿੱਛੋਂ ਰਾਹ ਚਲਦਿਆਂ
ਬੇਦਰਦ ਉਹ ਜਦੋਂ ਮਿਲਿਆ
ਹੱਥ ਸਾਡਾ ਛੂਹਣ ਲਈ
ਨਿੱਕਲ ਉਹਦੇ ਵੱਲ ਵਧਿਆ
ਗੌਰ ਨਾ ਕੋਈ ਕੀਤੀ ਉਹਨਾਂ
ਨੀਵੀਂ ਪਾ ਕੇ ਲੰਘ ਗਏ
ਹੱਦੋਂ ਰੂਪ ਸੋਹਣਾ ਸੀ
ਹੰਕਾਰ ਸੀ ਜੋ ਤਦੋਂ ਭਰਿਆ

ਚਿਰਾਂ ਪਿੱਛੋਂ ਰਾਹ ਚਲਦਿਆਂ
ਬੇਦਰਦ ਉਹ ਜਦੋਂ ਮਿਲਿਆ
ਰਿਸ ਜਖ਼ਮ ਪੁਰਾਣਾ ਗਿਆ
ਬਹੁਤ ਪਹਿਲਾਂ ਸੀ ਜੋ ਭਰਿਆ
ਰਾਹ ਵੀ ਉਹੀ ਸੀ
ਦੋ ਰੂਹਾਂ ਵੀ ਉਹੀ ਸਨ
ਲੰਘ ਤਾਂ ਉਹ ਕਦੋਂ ਦੀ ਗਈ
ਸੰਦੀਪ ਨਿਮਾਣਾ ਹੁਣ ਤੀਕ ਖੜਿਆ

## ਧਿਰੀ ਵਣਜ

ਪਿਆਰ ਨੂੰ ਵਪਾਰ ਸਮਝ
ਇਸ ਵਣਜ ਚ ਖੱਟਿਆ ਕੀ ਭਲਾ
ਕਈਆਂ ਧੋਖੇ ਖਾਧੇ
ਘੁੱਟ ਲਿਆ ਜ਼ਹਿਰ ਦਾ ਪੀ ਭਲਾ
ਅਜਲਾਂ ਤੋਂ ਅੰਤ ਤੀਕਣ
ਗੁੱਝੀ ਖੇਡ ਗਈ ਵਾਪਰਦੀ
ਉਲਝ ਪੂਰੇ ਇਸ ਚੱਕਰ ਵਿੱਚ
ਹੁਸੜਿਆ ਮੇਰਾ ਜੀਅ ਭਲਾ
ਫਰਕ ਹੁੰਦਾ ਕਿਉਂ ਧਰਤੀ
ਅਤੇ ਉੱਚੇ ਨੀਲੇ ਅੰਬਰ ਵਿੱਚ
ਮੈਂ ਬਾਂਦਰ ਕਿਸੇ ਮਦਾਰੀ ਦਾ
ਉਹ ਚੌਧਰੀਆਂ ਦੀ ਧੀ ਭਲਾ
ਉਸ ਹੂਰ ਨਾਲੋਂ ਵੱਖ ਹੋਣ ਦੀ
ਕਿੰਝ ਲੈਂਦੇ ਅਸੀਂ ਸੋਚ ਯਾਰੋ
ਪਿਆ ਰਤਾ ਨਾ ਮੀਂਹ ਜਿਸਤੇ
ਉਸ ਦਰੱਖਤ ਦਾ ਬਣਿਆ ਕੀ ਭਲਾ
ਸੰਦੀਪ ਨਿਮਾਣੇ ਨਹੀਂ ਹਟਣਾ
ਚੇਤੇ ਕਰਨੋ ਉਸ ਕੁੜੀ ਨੂੰ
ਜਿਸ ਦਿੱਤੇ ਜ਼ਖ਼ਮ ਵਧੇਰੇ
ਤਾਂ ਵੀ ਕੀਤਾ ਨਹੀਂ ਅਸਾਂ ਸੀ ਭਲਾ

## ਗੂੰਗੀ ਪੀੜ

ਕੋਈ ਪੁੱਛੇ ਨਾ ਬਸ ਅਸਾਂ ਨੂੰ
ਇਹ ਪੀੜ ਕੀ ਹੋਇਆ ਕਰਦੀ ਏ
ਪਾਣੀ ਤੋਂ ਵੱਖ ਹੋ ਕੇ
ਕੋਈ ਮੱਛੀ ਕਿੱਦਾਂ ਮਰਦੀ ਏ
ਇੱਕ ਤੱਕਣੀ ਉਹਦੀ ਕਮਾਲ ਦੀ ਸੀ
ਸੂਰਤ ਉਹਦੀ ਕੋਈ ਲਾਲ ਜਿਹੀ ਸੀ
ਇਹ ਯਾਦ ਉਹਦੀ ਸਾਨੂੰ
ਬਸ ਮਾਰ ਮੁਕਾ ਕੇ ਛੱਡਦੀ ਏ
ਕੋਈ ਪੁੱਛੇ ਨਾ ਅਸਾਂ ਨੂੰ
ਇਹ ਪੀੜ ਕੀ ਹੋਇਆ ਕਰਦੀ ਏ
ਉਹਨੂੰ ਦੂਰੋਂ ਤੱਕਣੀ ਪਾ ਕੇ
ਦਿਲ ਪਿਆਰ ਖੱਟਿਆ ਕਰਦਾ ਸੀ
ਸਾਡੇ ਨਾਲ ਖਲੋ ਕੇ
ਪਿੰਡ ਸਾਰਾ ਟੱਪਿਆ ਕਰਦਾ ਸੀ
ਇੱਕ ਯਾਦ ਬਸ ਉਹਦੇ ਵਿਆਹ ਦੀ
ਸੰਦੀਪ ਨੂੰ ਮੋਇਆ ਕਰਦੀ ਏ
ਕੋਈ ਪੁੱਛੇ ਨਾ ਬਸ ਅਸਾਂ ਨੂੰ
ਇਹ ਪੀੜ ਕੀ ਹੋਇਆ ਕਰਦੀ ਏ

# ਜ਼ੁਲਮ ਦੀ ਜੜ੍ਹ

ਜੇ ਹੀਰ ਕਿਤੇ ਡੋਲੀ ਨਾ ਬੈਠੀ ਹੁੰਦੀ
ਤਾਂ ਰਾਂਝਾ ਸਾਧ ਨਾ ਕਦੇ ਬਣਿਆ ਹੁੰਦਾ
ਜੇ ਸਾਹਿਬਾ ਨਾ ਛੇੜਦੀ ਤੀਰਾਂ ਵਾਲਾ ਜੰਡ
ਤਾਂ ਮਿਰਜ਼ਾ ਐਵੇਂ ਨਾ ਕਦੇ ਮਰਿਆ ਹੁੰਦਾ
ਜੇ ਸੱਸੀ ਨਾ ਡੂੰਘੀ ਨੀਂਦਰ ਬੰਨੀ ਹੁੰਦੀ
ਤਾਂ ਉਹਦਾ ਤਨ ਨਾ ਰੇਤੇ ਚ ਬਲਿਆ ਹੁੰਦਾ
ਜੇ ਮੇਰੇ ਪਿਆਰ ਨੇ ਨਾ ਲਾਏ ਹੁੰਦੇ ਫਾਹੇ
ਤਾਂ ਨਿਮਾਣੀ ਜਿੰਦ ਨਾ ਮੈਂ ਕਦੇ ਹਾਰਿਆ ਹੁੰਦਾ
ਜੇ ਆਸ਼ਕਾਂ ਨੇ ਨਾ ਸਹੇ ਹੁੰਦੇ ਦੁੱਖ
ਵਾਰਿਸ ਸ਼ਾਹ ਨਾ ਕਦੇ ਲੇਖ ਰਚਿਆ ਹੁੰਦਾ
ਜੇ ਕੁੜੀਆਂ ਨੇ ਨਾ ਦਿੱਤੇ ਹੁੰਦੇ ਧੋਖੇ
ਤਾਂ ਜੋਬਨ ਰੁੱਤੇ ਨਾ ਕਦੇ ਕੋਈ ਸੜਿਆ ਹੁੰਦਾ
ਜੇ ਅੱਖਾਂ ਨੇ ਨਾ ਕੀਤੀ ਹੁੰਦੀ ਖਤਾ
ਤਾਂ ਹਿਜ਼ਰਾਂ ਦੀ ਸੂਲੀ ਨਾ ਕੋਈ ਟੰਗਿਆ ਹੁੰਦਾ
ਜੇ ਕਈਆਂ ਦੇ ਚੰਨ ਨਾ ਲੁਕੇ ਹੁੰਦੇ
ਤਾਂ ਇਸ਼ਕੇ ਦਾ ਦਰਿਆ ਹੁਣ ਤੱਕ ਸਦਾ ਵਗਿਆ ਹੁੰਦਾ
ਜੇ ਲਿਸ਼ਕ ਰੂਪ ਦੀ ਨਾ ਗੂੜੀ ਹੁੰਦੀ
ਤਾਂ ਉਹਦੀ ਉਡੀਕ ਚ ਨਾ ਮੈਂ ਕਦੇ ਖੜਿਆ ਹੁੰਦਾ
ਜੇ ਮੁਸੀਬਤ ਪੁੱਛ ਕੇ ਸਦਾ ਆਉਂਦੀ ਹੁੰਦੀ
ਤਾਂ ਉਹਦੀਆਂ ਅੱਖਾਂ ਚ ਨਾ ਮੈਂ ਤੱਕਿਆ ਹੁੰਦਾ
ਜੇ ਬੁੱਲ੍ਹੇ ਸ਼ਾਹ ਨਾ ਯਾਰ ਮਨਾਉਂਦੇ ਹੁੰਦੇ
ਤਾਂ ਭਰੇ ਦਰਬਾਰ ਨਾ ਕਦੇ ਨੱਚਿਆ ਹੁੰਦਾ
ਸੰਦੀਪ ਨਿਮਾਣੇ ਸੱਟ ਦਿਲ ਤੇ ਖਾਧੀ ਹੁੰਦੀ
ਫਿਰ ਸ਼ਾਇਰ ਨਾ ਮੈਂ ਕਦੇ ਬਣਿਆ ਹੁੰਦਾ

## ਸੰਨ-2009 ਦਾ ਵਿਛੋੜਾ

ਚੱਲਾ ਚੱਲਾ ਚੱਲਾ ਲੋਕੋ ਮੈਂ ਹੁਣ ਚੱਲਾ
ਮਾਰ ਵਕਤ ਦੀ ਭੈੜੀ ਨੇ ਕਰ ਦਿੱਤਾ ਮੈਨੂੰ ਝੱਲਾ
ਮੇਰੇ ਨਾਲ ਕਿਸੇ ਨੇ ਨਹੀਂ ਖੜ੍ਹਨਾ ਮੈਂ ਰਹਿ ਜਾਣਾ ਇਕੱਲਾ

ਬਾਅਦ ਕੁੱਝ ਦਿਨਾਂ ਦੇ ਮੈਂ ਹੋ ਜਾਣਾ ਬੇਲੋੜਾ
ਜਗ ਦੇ ਹਰ ਇੱਕ ਜੀਆਂ ਮੈਨੂੰ ਸਦਾ ਲਈ ਖੋਣਾਂ
ਮੈਂ ਬਹਿ ਇਤਿਹਾਸ ਦੇ ਖੂੰਜੇ ਕਿਸੇ ਮਾਰ ਦੁਹੱਥੜ ਰੋਣਾ
ਵਕਤ ਆਪਣੇ ਵਿੱਚ ਰਿਹਾ ਸਾਰਿਆਂ ਦੇ ਬਣ ਪੈਰਾਂ ਦਾ ਖੱਲਾ
ਮੇਰੇ ਨਾਲ ਕਿਸੇ ਨੇ ਨਹੀਂ ਖੜ੍ਹਨਾ ਮੈਂ ਰਹਿ ਜਾਣਾ ਇਕੱਲਾ

ਲੰਘੇ ਹੋਏ ਦਿਨਾਂ ਨੂੰ ਯਾਦ ਮੈਂ ਕਰ ਕਰ ਰੋਣਾਂ
ਚੀਖ ਪੁਕਾਰ ਸੁਣਨ ਲਈ ਨਾ ਨਾਲ ਕਿਸੇ ਨੇ ਹੋਣਾ
ਸਾਹ ਬਖਸ਼ਦੀਆਂ ਲੋਕਾਂ ਨੂੰ ਮੈਨੂੰ ਖੁੱਭਣ ਵਗਦੀਆਂ ਪੌਣਾਂ
ਜਿਹਨੂੰ ਤੀਰ ਬਿਰਹੋਂ ਦਾ ਲਗਦੈ ਉਹਨੂੰ ਧਰਦੈ ਰੋਗ ਅਵੱਲਾ
ਮੇਰੇ ਨਾਲ ਕਿਸੇ ਨੇ ਨਹੀਂ ਖੜ੍ਹਨਾ ਮੈਂ ਰਹਿ ਜਾਣਾ ਇਕੱਲਾ

ਬੇਸੁਧ ਲੋਕ ਸਾਲ ਨਵੇਂ ਦਾ ਜਸ਼ਨ ਮਨਾਉਂਦੇ ਫਿਰਦੇ ਨੇ
ਮੇਰਾ ਹਰ ਇੱਕ ਪਲ ਵਿਹਾਉਣ ਪਿੱਛੋਂ ਪ੍ਰਗਟਾਅ ਖੁਸ਼ੀ ਦਾ ਕਰ ਰਹੇ ਨੇ
ਸਮਝਣ ਨਾ ਮੇਰੇ ਜਾਣ ਪਿੱਛੋਂ ਆਪਣੀ ਉਮਰ ਚੋਂ ਮਨਫੀ ਕਰ ਰਹੇ ਨੇ
ਕੀ ਕਰਨਾ ਤਰਕੀਬ ਨਾਲੋਂ ਹੁਣ ਗਿਆ ਮੈਂ ਸਮਝੋ ਠੱਲਾ
ਮੇਰੇ ਨਾਲ ਕਿਸੇ ਨੇ ਨਹੀਂ ਖੜ੍ਹਨਾ ਮੈਂ ਰਹਿ ਜਾਣਾ ਇਕੱਲਾ

ਕੀ ਗੁਸਤਾਖ਼ ਮੈਂ ਕਰ ਬੈਠਾ ਚਾਹੁੰਦਾ ਹਰ ਕੋਈ ਮੈਨੂੰ ਛੱਡਣਾ
ਸੰਦੀਪ ਨਿਮਾਣੇ ਛੱਡ ਦੇ ਕਲਮ ਅੱਖ ਤੇਰੀ ਨੇ ਨਹੀਂ ਭਰਨਾ
ਗੱਲ ਸਮਝ ਹੁਣ ਮੇਰੇ ਆਈ ਹਰ ਇੱਕ ਨੇ ਹੈ ਮਰਨਾ
ਗਲਵਕੜੀ ਪਾ ਲਉ ਲੋਕੋ ਮੇਰਾ ਛੱਡਣ ਤੋਂ ਪਹਿਲਾਂ ਪੱਲਾ
ਮੇਰੇ ਨਾਲ ਕਿਸੇ ਨੇ ਨਹੀਂ ਖੜ੍ਹਨਾ ਮੈਂ ਰਹਿ ਜਾਣਾ ਇਕੱਲਾ

# ਮਿਹਰ

ਸੂਰਮਾ ਕਹੇ ਆਪਣੇ ਆਪ ਨੂੰ ਹਰ ਕੋਈ
ਪਿਆਰ ਸੱਚਾ ਕਿਸੇ ਵਿਰਲੇ ਨੂੰ ਨਸੀਬ ਹੁੰਦਾ
ਮੈਂ ਪਾ ਕੇ ਪ੍ਰੀਤਾਂ ਰਿਹਾ ਸਦਾ ਰੌਂਦਾ
ਹਾਸਾ ਨਾ ਕਦੇ ਮੈਨੂੰ ਨਸੀਬ ਹੁੰਦਾ
ਪੜ੍ਹ ਕੇ ਇਤਿਹਾਸ ਵੀ ਨਾ ਕੀਤਾ ਧਿਆਨ ਕਦੇ
ਆਸ਼ਕਾਂ ਨੂੰ ਕਫ਼ਨ ਵੀ ਨਾ ਨਸੀਬ ਹੁੰਦਾ
ਪਰ ਚਲਦਾ ਨਾ ਦਿਲ ਤੇ ਜ਼ੋਰ ਕੋਈ
ਨਾ ਹੀ ਕਦੇ ਮੰਜ਼ਿਲ ਦੇ ਕਰੀਬ ਹੁੰਦਾ
ਵਹਿਮ ਕੱਢ ਦੇ ਵੇ ਸੰਦੀਪ ਨਿਮਾਣਿਆ
ਆਸ਼ਿਕੀ ਮੌਤ ਵਿੱਚ ਨਾ ਕੁੱਝ ਨਸੀਬ ਹੁੰਦਾ
ਜੇ ਪ੍ਰੀਤ ਪਾਉਣੀ ਰੱਬ ਨਾਲ ਪਾ
ਜਿਸ ਦੀ ਮਿਹਰ ਨਾਲ ਸੱਭੋ ਕੁੱਝ ਨਸੀਬ ਹੁੰਦਾ

# ਅਣਕਿਹਾ ਦੁਖ

ਕਦੇ ਅਸੀਂ ਹੁੰਦੇ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ
ਸਾਡੀ ਜਿੰਦ ਮੁੱਕੇ ਉਹ ਰੱਬ ਕੋਲੋਂ
ਸ਼ਰ੍ਹੇਆਮ ਦੁਆਵਾਂ ਮੰਗਦੀ ਏ

ਤੇਰਾ ਹਿਜ਼ਰ ਹੰਢਾਉਣ ਨੂੰ ਚਿਤ ਕਰਦਾ
ਰਾਤਾਂ ਨੂੰ ਉੱਠ-ਉੱਠ ਰੋਵਾਂ ਮੈਂ
ਦਿਨ-ਰਾਤ ਮਿਲਣ ਦੀ ਸੱਜਣਾ ਨੂੰ
ਸਦਾ ਤਾਂਘ ਵਸਾ ਕੇ ਸੌਂਵਾਂ ਮੈਂ
ਰਕੀਬ ਨਾਲ ਉਹਨੂੰ ਤੁਰਦੀ ਵੇਖ
ਮੇਰੀ ਜਿੰਦ ਸੂਲੀ ਤੇ ਟੰਗਦੀ ਏ
ਕਦੇ ਅਸੀਂ ਹੁੰਦੇ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ

ਕਦੇ ਬਾਂਹ ਸਾਡੀ ਤੇ ਸਿਰ ਧਰ ਕੇ
ਉਹ ਸੁਫਨੇ ਲੈਂਦੀ ਹੁੰਦੀ ਸੀ
ਕੰਮ ਕਾਰ ਮੁਕਾ ਕੇ ਨਿੱਤ ਸਾਡੇ
ਉਹ ਨੇੜੇ ਬੈਠੀ ਹੁੰਦੀ ਸੀ
ਗਲਵਕੜੀ ਹੋ ਗਈ ਬੀਤੀ ਗੱਲ
ਹੁਣ ਨੇੜੇ ਆਉਣੋ ਸੰਗਦੀ ਏ
ਕਦੇ ਅਸੀਂ ਹੁੰਦੇ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ

ਖੁਸ਼ੀਆਂ ਖੇੜੇ ਮੁੱਕ ਗਏ
ਤੇ ਹੰਝੂਆਂ ਨਾਲ ਪੈ ਗਈ ਸਾਂਝ ਸਾਡੀ
ਸੋਚ ਕੇ ਰੂਹ ਤੱਕ ਕੰਬਦੀ ਏ
ਜੋ ਸੱਟ ਅਸਾਂ ਇੱਕ ਵਾਰ ਖਾਧੀ

ਤੋਰ ਉਹਦੀ ਦੀ ਕੀ ਦੱਸੀਏ ?
ਅੱਖ ਹੁਣ ਤੱਕ ਸਾਨੂੰ ਡੰਗਦੀ ਏ
ਕਦੇ ਅਸੀਂ ਹੁੰਦੇ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ

ਅੰਬਰੋਂ ਟੁੱਟਦਾ ਤਾਰਾ ਵੇਖ
ਰੱਬ ਕੋਲ ਫਰਿਆਦ ਕਰਾਂ
ਮਿਹਰ ਹੋਵੇ ਇੱਕ ਮੇਰੇ ਤੇ
ਉਹਦੇ ਨਾਲ ਜੀਵਾਂ ਉਹਦੇ ਨਾਲ ਮਰਾਂ
ਉਹਦੀ ਮਹਿਕ ਜਾਵੇ ਨਿੱਤ ਖਿੰਡਦੀ
ਜਦੋਂ ਹਵਾ ਕੋਲੋਂ ਦੀ ਲੰਘਦੀ ਏ
ਕਦੇ ਅਸੀਂ ਹੁੰਦੇ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ

ਤਰਲੇ ਕਰਕੇ ਥੱਕ ਗਏ ਹਾਂ
ਤੂੰ ਆਪਣੀ ਥਾਂ ਤੋਂ ਹਿਲਣਾ ਨਹੀਂ
ਸੰਦੀਪ ਨਿਮਾਣਾ ਖ਼ਤਮ ਹੋਇਆ
ਇਹ ਜਨਮ ਦੁਬਾਰਾ ਮਿਲਣਾ ਨਹੀਂ
ਸਾਨੂੰ ਫ਼ਿਕਰਾਂ ਵਿੱਚ ਛੱਡ ਕੇ
ਕਿਸੇ ਹੋਰ ਦੀ ਜਿੰਦ ਪਈ ਰੰਗਦੀ ਏ
ਕਦੇ ਅਸੀਂ ਹੁੰਦੀ ਸੀ ਚੰਨ ਉਹਦੇ
ਅੱਜ ਨਜ਼ਰ ਮਿਲਾਉਣੋਂ ਸੰਗਦੀ ਏ

## ਮੌਤ ਨਾਲ ਵਿਆਹ

ਬਥੇਰਾ ਲਿਆ ਰੋ ਤੇ ਬਥੇਰਾ ਲਿਆ ਪਿੱਟ
ਹੁਣ ਵਧੇਰਾ ਕੋਈ ਦੁੱਖ ਨਾ ਅਸੀਂ ਜਰਨਾ ਏ
ਇਸ ਬਲਦੀ ਜਵਾਨੀ ਦੀ ਸਿਖ਼ਰ ਦੁਪਹਿਰ ਵਿੱਚ
ਅਸਾਂ ਵਿਆਹ ਵੀ ਮੌਤ ਨਾਲ ਕਰਨਾ ਏ

ਚੂਲੀ ਭਰ ਹੰਝੂ ਡੁੱਲਦਾ ਰਿਹਾ ਰੋਜ
ਲੋਕ ਰਹੇ ਹੱਸਦੇ ਮੇਰਾ ਜਿਸਮ ਰਿਹਾ ਧੁਖ਼ਦਾ
ਯਾਦਾਂ ਦਾ ਛੰਭ ਵੀ ਨਿੱਤ ਜਾਵੇ ਸੁੱਕਦਾ
ਬਥੇਰਾ ਲਿਆ ਸੋਚ ਬਥੇਰਾ ਲਿਆ ਵਿਚਾਰ
ਹੁਣ ਹੰਝੂ ਗਏ ਨੇ ਮੁੱਕ ਤੇ ਦਿਨ ਰਹਿ ਗਏ ਚਾਰ
ਇਹਨਾਂ ਰਹਿੰਦੇ ਚਾਰ ਦਿਨਾਂ ਵਿੱਚ
ਕੰਮ ਬਹੁਤਾ ਅਸਾਂ ਕਰਨਾ ਏ
ਇਸ ਬਲਦੀ ਜਵਾਨੀ ਦੀ ਸਿਖ਼ਰ ਦੁਪਹਿਰ ਵਿੱਚ
ਅਸਾਂ ਵਿਆਹ ਵੀ ਮੌਤ ਨਾਲ ਕਰਨਾ ਏ

ਸੁਖ ਭਾਲਦਿਆਂ ਹੋਇਆਂ ਕੰਡੇ ਸਦਾ ਵਿਹਾਜੇ
ਜਦ ਮੰਗੀ ਨਿੱਘੀ ਧੁੱਪ ਵਰ੍ਹਿਆ ਉਦੋਂ ਪਾਣੀ
ਘਿਰਿਆ ਦੁੱਖ ਚ ਵੇਖ ਤੁਰ ਗਏ ਮੇਰੇ ਹਾਣੀ
ਸੈਂਕੜੇ ਸੁਖ ਮੰਗੇ ਦੁੱਖ ਮਿਲੇ ਹਜ਼ਾਰ
ਅਰਦਾਸ ਕਰਾਂ ਰੱਬ ਅੱਗੇ ਕਰਦੇ ਬੇੜੀ ਪਾਰ
ਪਾਰ ਲੱਗਣ ਪਿੱਛੋਂ ਸੰਦੀਪ ਦਾ ਮਰਸੀਆ
ਸੁਣ ਵਾਹ ਵਾਹ ਸਭਨਾਂ ਕਰਨਾ ਏ
ਇਸ ਬਲਦੀ ਜਵਾਨੀ ਦੀ ਸਿਖ਼ਰ ਦੁਪਹਿਰ ਵਿੱਚ
ਅਸਾਂ ਵਿਆਹ ਵੀ ਮੌਤ ਨਾਲ ਕਰਨਾ ਏ

## ਸਾਹਮਣਾ

ਜੇ ਸਾਨੂੰ ਵੇਖਦੇ ਸੱਜਣਾਂ ਦੀ ਹੈ ਅੱਖ ਦੁੱਖਦੀ
ਸਾਨੂੰ ਵੀ ਉਹਦੇ ਵੱਲ ਤੱਕਣ ਦਾ ਸ਼ੌਕ ਨਹੀਂ
ਜੇ ਗੈਰਾਂ ਦੇ ਸੰਗ ਉਸਦੇ ਲੱਗਦੇ ਨੇ ਖੰਭ
ਤਾਂ ਸਾਨੂੰ ਵੀ ਧਰਤ ਤੇ ਫਿਲਕਣ ਦਾ ਸ਼ੌਕ ਨਹੀਂ
ਜੇ ਰਹਿੰਦੀ ਏ ਖੁਸ਼ ਹਸਦੀ ਰਹੇ ਫੁੱਲਾਂ ਵਾਂਗ
ਸਾਨੂੰ ਵੀ ਹੌਂਕੇ ਭਰ ਰੋਣ ਦਾ ਸ਼ੌਂਕ ਨਹੀਂ
ਜੇ ਖੜ੍ਹ ਕੇ ਉਹ ਮੋੜ ਤੇ ਉਡੀਕੇ ਨਵੇਂ ਯਾਰ ਨੂੰ
ਤਾਂ ਸਾਨੂੰ ਵੀ ਉਹਦੇ ਪਿੱਛੇ ਘੁੰਮਣ ਦਾ ਸ਼ੌਕ ਨਹੀਂ
ਜੇ ਪਾਸਾ ਵੱਟ ਲੰਘਦੀ ਨਿੱਤ ਨੀਂਵੀ ਪਾ ਕੇ
ਸਾਨੂੰ ਵੀ ਤਰਲੇ ਉਹਦੇ ਕਰਨ ਦਾ ਸ਼ੌਕ ਨਹੀਂ
ਜੇ ਰੱਖਦੀ ਬੰਦੂਕ ਆਪਣੇ ਖੱਬੇ ਹੱਥ ਵਿੱਚ
ਸਾਨੂੰ ਵੀ ਖਾਲੀ ਹੱਥ ਤੁਰਨ ਦਾ ਸ਼ੌਕ ਨਹੀਂ
ਜੇ ਰੱਖੇ ਉਹਨੇ ਕੁੱਤੇ ਘਰ ਦੇ ਬਾਹਰ ਬੰਨ ਕੇ
ਸਾਨੂੰ ਵੀ ਬਿੱਲੀਆਂ ਘਰੇ ਰੱਖਣ ਦਾ ਸ਼ੌਕ ਨਹੀਂ
ਜੇ ਮੰਨਦੀ ਏ ਖੁਸ਼ੀਆਂ ਉਹ ਸਾਥੋਂ ਦੂਰ ਰਹਿ ਕੇ
ਸਾਨੂੰ ਵੀ ਉਸਦੇ ਲਾਗ ਬੈਠਣ ਦਾ ਸ਼ੌਕ ਨਹੀਂ
ਗ਼ਮਾਂ ਦਾ ਮੀਂਹ ਚੰਦਰਾ ਪੈਂਦਾ ਜੇ ਸਾਡੇ ਸਿਰ
ਸਾਨੂੰ ਵੀ ਛੱਤਰੀ ਲੈ ਤੁਰਨ ਦਾ ਸ਼ੌਕ ਨਹੀਂ
ਸੰਦੀਪ ਦੀ ਬੇੜੀ ਜੇ ਡੁੱਬੀ ਜਾ ਸਮੁੰਦਰਾਂ ਵਿੱਚ
ਸਾਨੂੰ ਵੱਲ ਕੰਢਿਆਂ ਦੇ ਭੱਜਣ ਦਾ ਸ਼ੌਕ ਨਹੀਂ

# ਖ਼ੈਰ

ਅਸੀਂ ਦੁੱਖ ਜਰਦੇ ਰਹੇ ਸਦਾ ਸੋਹਣਿਆਂ ਕਰਕੇ
ਇਸ਼ਕੇ ਦੀ ਕੀਮਤ ਨਾ ਪਾਈ ਉਹਨਾਂ ਕੀਤਾ ਸਾਡੇ ਨਾਲ ਵੈਰ
ਇਹ ਵੈਰ ਵਧੇਰਾ ਵਧਿਆ ਉਹ ਦੂਰ ਸਾਥੋਂ ਹੁੰਦੇ ਗਏ
ਜੇ ਯਾਰ ਹੀ ਸਾਥੋਂ ਰੁੱਸ ਗਿਆ ਦਸ ਕਿਵੇਂ ਮਨਾਈਏ ਖ਼ੈਰ
ਇਹ ਦੁੱਖ ਸੰਦੀਪ ਨਿਮਾਣੇ ਤੋਂ ਨਾ ਜਰ ਹੁੰਦਾ ਕਦੇ ਵੀ
ਜਿੰਦ ਨਿਮਾਣੀ ਜਾਪੇ ਜਿਵੇਂ ਨਰਕਾਂ ਦੀ ਕੋਈ ਸੈਰ
ਮੁੱਦਤਾਂ ਤੋਂ ਰੀਝ ਸੀ ਕੁੱਝ ਆਖਣ ਦੀ ਸੱਜਣਾਂ ਨੂੰ
ਮੂੰਹ ਫੇਰ ਕੇ ਲੰਘ ਗਈ ਜਿਉਂ ਮੈਂ ਹੁੰਦਾ ਸੀ ਗ਼ੈਰ
ਮਾਰਦੇ ਸੀ ਉਡਾਰੀ ਅਸਾਂ, ਖੁਸ਼ ਹੋ ਕੇ ਨੀਲੇ ਅੰਬਰਾਂ ਵਿੱਚ
ਹੁਣ ਦਸ ਕਿਵੇਂ ਮਾਰੀਏ ਉਡਾਰੀ ਉਹਨਾਂ ਪਰਾਂ ਤੋਂ ਬਗ਼ੈਰ
ਜੱਗ ਜਾਣੇ ਅੱਗ ਇਸ਼ਕੇ ਦੀ ਸਾੜ ਸੁੱਟਦੀ ਦਿਲਾਂ ਨੂੰ
ਆਪ ਆਸ਼ਿਕ ਮਾਰੇ ਛਾਲ ਭਾਂਵੇਂ ਹੋਵੇ ਨਾ ਉਹਦੀ ਖ਼ੈਰ

# ਮੌਤ ਨਾਲ ਪ੍ਰੀਤ

ਮੁੜ ਆਜਾ ਵੇ ਸੱਜਣਾਂ
ਤੈਨੂੰ ਸਹੁੰ ਲੱਗੇ ਇਸ ਇਸ਼ਕੇ ਦੀ
ਇਹ ਰੋਗ ਅਵੱਲਾ ਪਾ ਛੱਡਿਆ
ਅੱਜ ਮਰਨ ਨੂੰ ਮੇਰਾ ਜੀਅ ਕਰਦਾ
ਉਹ ਹੀ ਪਿੰਡ ਦੀਆਂ ਗਲੀਆਂ ਨੇ
ਅਸਾਂ ਦੀਦ ਤੇਰੀ ਲਈ ਤਰਸੀਦੇ
ਇਹ ਦਰਦ ਤੜਫ ਦੀ ਅੱਗ ਬਲਦੀ
ਅੱਜ ਸੜਨ ਨੂੰ ਮੇਰਾ ਜੀਅ ਕਰਦਾ
ਹੱਥ ਜੋੜ ਗੁਨਾਹ ਮੰਨਿਆ
ਤੇਰੇ ਪਿਆਰ ਚ ਪੈ ਮੈਂ ਰਾਹ ਭੁੱਲਿਆ
ਰਾਹ ਲੱਭਦੇ ਕਈ ਸਾਲ ਲੰਘੇ
ਅੱਜ ਪਾਰ ਲੰਘਣ ਨੂੰ ਜੀਅ ਕਰਦਾ
ਬਖਸ਼ ਦੇਵੀਂ ਜੇ ਭੁੱਲ ਹੋਵੇ
ਤੇਰੇ ਚਰਨੀਂ ਆਪਣਾ ਆਪ ਵਾਰਾਂ
ਜੋ ਬਾਜ਼ੀ ਸਾਂ ਕਈ ਵਾਰ ਜਿੱਤੇ
ਕਿਉਂ ਅੱਜ ਹਾਰਨ ਨੂੰ ਜੀਅ ਕਰਦਾ
ਸੰਦੀਪ ਮੌਤ ਨਾਲ ਪਾ ਪ੍ਰੀਤਾਂ
ਧੋਖੇਬਾਜ਼ ਏ ਜਗ ਸਾਰਾ
ਧੋਖੇ ਦੀ ਸਾਨੂੰ ਆਦਤ ਪਈ
ਅੱਜ ਵਫ਼ਾ ਮੰਗਣ ਨੂੰ ਜੀਅ ਕਰਦਾ
ਅੱਜ ਆ ਹੀ ਜਾਵੇ ਮੌਤ ਮੇਰੀ
ਮੈਨੂੰ ਵਿੱਚ ਸ਼ਮਸ਼ਾਨ ਸੁਆ ਜਾਵੇ
ਜਿੰਦ ਬਥੇਰੀ ਕੱਟ ਲਈ ਮੈਂ
ਅੱਜ ਖ਼ਤਮ ਹੋਣ ਨੂੰ ਜੀਅ ਕਰਦਾ

## ਵਾਟ ਦਾ ਮੋੜ

ਖ਼ਤਮ ਹੋਈ ਮੁਲਾਕਾਤਾਂ
ਸਾਨੂੰ ਆਣ ਵਿਛੋੜਾ ਢਾਇਆ ਈ
ਮਰ ਜਾਊਗਾ ਹਰ ਕੋਈ
ਜਿਹੜਾ ਇਸ ਜਗ ਅੰਦਰ ਆਇਆ ਈ
ਮੈਂ ਵਾਰੀ ਜਾਵਾਂ ਸੱਜਣਾ
ਜਿਹਨਾਂ ਦੁੱਖ ਸਾਡਾ ਹੰਢਾਇਆ ਈ
ਧੰਨ ਸੀ ਉਹ ਸਮਾਂ
ਜਿਸਨੇ ਸਾਡਾ ਮੇਲ ਮਿਲਾਇਆ ਈ
ਸੰਦੀਪ ਨਿਮਾਣੇ ਨੂੰ ਸਦਾ
ਦਿਨ ਪੁਰਾਣੇ ਯਾਦ ਆਉਣਗੇ
ਬਹਿ ਮੱਸਿਆ ਚੰਨ ਉਡੀਕਦਿਆਂ
ਦਿਨੇ ਤਾਰੇ ਯਾਦ ਆਉਣਗੇ

## ਕਲਮ ਹਥਿਆਰ

ਗਲਤੀ ਨਾਲ ਕੱਲ੍ਹ ਨੀਂਦ ਕੀ ਆਈ
ਤਾਂ ਖੁਆਬ ਵੀ ਉਸ ਜ਼ਾਲਮ ਦਾ ਆਇਆ
ਜਦ ਘਰੋਂ ਬਾਹਰ ਮੈਂ ਦੋੜਿਆ
ਤਾਂ ਪਿੱਛੇ ਉਸ ਜ਼ਾਲਮ ਨੂੰ ਪਾਇਆ
ਹੱਥ ਚ ਉਹਨੇ ਤਲਵਾਰ ਸੀ ਫੜੀ
ਜਿਵੇਂ ਅੰਤ ਸਮਾਂ ਮੇਰਾ ਨੇੜੇ ਆਇਆ
ਜਿੱਥੇ ਕਦਮ ਤੁਰੇ ਮੈਂ ਦੌੜਦਾ ਹੀ ਗਿਆ
ਮੈਂ ਉਸ ਜ਼ਾਲਮ ਦਾ ਸਤਾਇਆ
ਮੇਰੇ ਲਈ ਹੁੰਦਾ ਸੀ ਪਿਆਰ ਕਦੇ
ਪਰ ਉਹਦੀ ਅੱਖ ਵਿੱਚ ਸੀ ਮੈਂ ਲਹੂ ਪਾਇਆ
ਪੈਰ ਤਿਲਕਿਆ ਥੱਲੇ ਡਿੱਗ
ਮੂੰਹ ਚੁੱਕ ਮੈਂ ਉਸਨੂੰ ਕਰੀਬ ਪਾਇਆ
ਸਿਖ਼ਰ ਦੁਪਹਿਰੇ ਵਾਰ ਲਈ
ਜਦ ਉਸਨੇ ਹਥਿਆਰ ਉਠਾਇਆ
ਮੌਤ ਨੂੰ ਕਰੀਬ ਤੇ ਜਿੰਦੜੀ ਗਰੀਬ
ਵੇਖ ਮੈਂ ਮੁਸਕਰਾਇਆ
ਅੱਖਾਂ ਕੱਢ ਚੀਕ ਮਾਰ
ਉਸ ਮੈਨੂੰ ਇੱਕ ਸਵਾਲ ਪਾਇਆ
ਕਹਿਣ ਲੱਗੀ ਮੇਰੇ ਬਾਰੇ
ਕਵਿਤਾ ਲਿਖ ਕਾਹਨੂੰ ਜਗ ਹਸਾਇਆ
ਮੈਂ ਫਿਰ ਹੱਸ ਕੇ ਕਿਹਾ
ਵੇ ਯਾਰਾ ਤੂੰ ਤਾਂ ਹੋ ਗਿਆ ਪਰਾਇਆ
ਇਸ਼ਕੇ ਦਾ ਖ਼ੰਜਰ ਪਲੋਸ
ਕਾਹਨੂੰ ਤੂੰ ਮੇਰੇ ਸੀਨੇ ਪਾਇਆ
ਜੇ ਹੋਣਾ ਸੀ ਪਰਾਇਆ
ਤਾਂ ਪਿਆਰ ਦਾ ਗੀਤ ਕਾਹਨੂੰ ਮੇਰੇ ਨਾਲ ਗਾਇਆ

ਮਸਾਂ ਰੱਬ ਕੋਲੋਂ ਫਰਿਆਦ ਕਰਕੇ
ਮੈਂ ਤੇਰੇ ਜਿਹਾ ਯਾਰ ਸੀ ਪਾਇਆ
ਬਸ ਇਹੋ ਦਿਨ ਰਹਿ ਗਿਆ ਸੀ
ਜੋ ਅੱਜ ਤੂੰ ਮੈਨੂੰ ਮਾਰਨ ਆਇਆ
ਸ਼ਰਮ ਨਾਲ ਉਹਦੀ ਅੱਖ ਹੜ੍ਹ ਆਈ
ਸਿਰ ਉਸਨੇ ਨੀਂਵਾ ਪਾਇਆ
ਤਲਵਾਰ ਸੁੱਟ ਮੁੜ ਗਿਆ ਮਹਿਰਮ
ਉਹ ਸੀ ਜਿਹੜੇ ਰਾਹੋਂ ਆਇਆ
ਸੰਦੀਪ ਨਿਮਾਣੇ ਜਿੰਦ ਬਚਾਈ
ਹਾਕਾਂ ਮਾਰ ਉਹਨੂੰ ਮੁੜ ਬੁਲਾਇਆ
ਜਖ਼ਮ ਦੇਣ ਲਈ ਸੱਜਣਾ ਨੂੰ
ਕਲਮ ਨੂੰ ਮੈਂ ਹਥਿਆਰ ਬਣਾਇਆ

# ਰੁੱਤ ਬਦਲਣ ਦੀ

ਜਿਸ ਜਗ ਵਿੱਚ ਪਰਛਾਵੇਂ ਪਰਾਏ ਹੋ ਜਾਂਦੇ
ਉੱਥੇ ਸੱਜਣ ਨੇ ਵੀ ਵੱਖ ਹੋਣਾ ਹੀ ਸੀ
ਜਿਸ ਜਗ ਵਿੱਚ ਕੱਖ ਨਾ ਪਵੇ ਮੁੱਲ ਦਿਲਾਂ ਦਾ
ਦਿਲ ਸਾਡਾ ਟੁੱਟ ਕੇ ਚੂਰ ਹੋਣਾ ਹੀ ਸੀ
ਜਿਸ ਜਗ ਵਿੱਚ ਝੂਠੇ ਵਾਅਦੇ ਕੀਤੇ ਜਾਂਦੇ ਨੇ
ਵਾਅਦੇ ਸੱਜਣ ਦੇ ਵੀ ਫਿਰ ਟੁੱਟਣੇ ਹੀ ਸੀ
ਲੁੱਟ ਖੋਹਣ ਨੂੰ ਫਿਰਦੇ ਦੁਨੀਆਂ ਦੇ ਲੋਕ ਸਾਰੇ
ਨਜ਼ਾਰੇ ਸੱਜਣ ਨੇ ਵੀ ਫਿਰ ਲੁੱਟਣੇ ਹੀ ਸੀ
ਦੌਲਤ ਵੇਖ ਬਦਲ ਜਾਂਦੇ ਜਾਨੋ ਪਿਆਰੇ ਵੀ
ਥਾਂ ਆਪਣੀ ਤੋਂ ਸੱਜਣ ਨੇ ਵੀ ਹਿਲਣਾਂ ਹੀ ਸੀ
ਯਕੀਨ ਅੱਖਾਂ ਮੀਟ ਕਰੇ ਜੇ ਸੰਦੀਪ ਨਿਮਾਣਾ
ਧੋਖਾ ਲੱਖ ਵਾਰ ਅਸਾਂ ਨੂੰ ਮਿਲਣਾ ਹੀ ਸੀ

## ਜਿੰਦ ਸੱਜਣ ਨਾਲ

ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ
ਜਿੰਦੜੀ ਦੇ ਹਰ ਮੋੜ ਤੇ ਅਤੇ ਪਿਆਰ ਦੀ ਚਲਦੀ ਡੋਰ ਤੇ
ਉੱਠਦੇ ਬਹਿੰਦੇ ਸਾਂਝ ਸਵੇਰੇ ਰਹੇ ਉਹ ਮਾਹੀ ਨਾਲ ਮੇਰੇ
ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ

ਅੱਖਾਂ ਵਿੱਚ ਵਸਾ ਕੇ ਅਤੇ ਪਿਆਰ ਦੀ ਸਿਖ਼ਰੇ ਜਾ ਕੇ
ਦੁੱਖ ਦੂਰੋਂ ਭੱਜਣ ਉਹਨੂੰ ਵੇਖ ਕੇ ਤੁਰਦੇ ਨਾਲ ਮੇਰੇ
ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ

ਯਾਰ ਮੇਰੇ ਦੇ ਫ਼ਿਕਰ ਵਿੱਚ ਅਤੇ ਫੱਸ ਕੇ ਉਹਦੇ ਹਿਜਰ ਵਿੱਚ
ਫੁੱਲ ਵੀ ਜਾਪਣ ਕੰਡੇ ਬਣ ਖੁੱਭਣ ਉਹ ਹਥਿਆਰ ਮੇਰੇ
ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ

ਇੱਕ ਉਹਦੀ ਅੱਖ ਮਸਤਾਨੀ ਦਾ ਤੇ ਗਲ ਵਿੱਚ ਪਾਈ ਗਾਨੀ ਦਾ
ਦੀਦ ਕਿਸੇ ਦਿਨ ਨਹੀਂ ਹੁੰਦੀ ਤਾਂ ਹੱਥ ਨਾ ਕਰਦੇ ਕਾਰ ਮੇਰੇ
ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ

ਉਹਨੂੰ ਬਾਹਾਂ ਵਿੱਚ ਲੈ ਕੇ ਅਤੇ ਨਾ ਨਾਲ ਕਿਸੇ ਦੇ ਖਹਿ ਕੇ
ਮਸਤ ਰਹਾਂ ਉਸ ਕੁੜੀ ਨਾਲ ਤਾਰੇ ਬਣਨ ਗਵਾਹ ਮੇਰੇ
ਸੱਜਣ ਮੇਰਾ ਨਾ ਰੁੱਸੇ ਤਾਂ ਚਲਦੇ ਰਹਿਣ ਸਾਹ ਮੇਰੇ

## ਚਿਣਗ

ਹੱਦ ਨਾਲੋਂ ਵੱਧ ਪਿਆਰ ਜਿਹਨੂੰ ਅਸਾਂ ਕਰਦੇ ਸਾਂ
ਨਾਂ ਉਹਦਾ ਚੇਤੇ ਕਰਨੋਂ ਚਿੱਤ ਸਾਡਾ ਡਰਦਾ ਏ
ਵਿਆਹ ਉਹਦਾ ਹੋਇਆਂ ਹੁਣ ਕਈ ਸਾਲ ਲੰਘ ਚੱਲੇ
ਫਿਰ ਵੀ ਦਿਲ ਕਮਲਾ ਸਾਡਾ ਉਹਦੇ 'ਤੇ ਮਰਦਾ ਏ
ਮੁੱਲ ਜਿਹਨੇ ਕੱਖ ਨਹੀਉਂ ਪਾਇਆ ਕਦੇ ਮੇਰਾ ਵੀ
ਮਿਲ ਜੇ ਉਹ ਸੱਜਣ ਜਾਵੇ ਕੱਖੋਂ ਲੱਖ ਥੀਵਾਂ ਵੇ
ਢੁੱਕਵਾਂ ਸਰੀਰ ਤੇ ਸੰਦਲੀ ਜਿਹੀ ਸੂਰਤ ਉਹਦੀ
ਉਹਨੂੰ ਕੱਸ ਵਿੱਚ ਬਾਹਾਂ ਰਸ ਬੁੱਲਾਂ ਨਾਲ ਪੀਵਾਂ ਵੇ
ਨਿਕੰਮੀ ਮਾੜੀ ਸੋਚ ਬਸ ਸੋਚਾਂ ਅੰਦਰ ਰਹਿ ਗਈ
ਹਿਜਰਾਂ ਵਿੱਚ ਫੱਸ ਦਿਲ ਠੰਢੇ ਹੌਂਕੇ ਭਰਦਾ ਏ
ਹੱਦ ਨਾਲੋਂ ਵੱਧ ਪਿਆਰ ਜਿਹਨੂੰ ਅਸਾਂ ਕਰਦੇ ਸਾਂ
ਨਾਂ ਉਹਦਾ ਚੇਤੇ ਕਰਨੋਂ ਚਿੱਤ ਸਾਡਾ ਡਰਦਾ ਏ

# ਇੰਝ ਨਾ ਹੋਵੇ

ਕਿਤੇ ਇੰਝ ਨਾ ਹੋਵੇ
ਮੈਂ ਮਰਾਂ ਤੇਰੀ ਡੋਲੀ ਵਾਲੀ ਕਾਰ ਥੱਲੇ
ਇਲਜ਼ਾਮ ਨਾ ਪਵੇ ਮੌਤ ਮੇਰੀ ਦਾ
ਮੇਰੇ ਸੋਹਣੇ ਯਾਰ ਪੱਲੇ
ਵਾਂਗ ਪਰੀਦਿਆਂ ਉੱਡੂ
ਰੂਹ ਮੇਰੀ ਮਰਨ ਤੋਂ ਬਾਅਦ
ਭੁੱਲ ਨਾ ਹੋਣਾ ਸਮਾਂ
ਜੋ ਸੰਗ ਹਾਂ ਤੇਰੇ ਗੁਜਾਰ ਚੱਲੇ

ਕਿਤੇ ਇੰਝ ਨਾ ਹੋਵੇ
ਮਰ ਜਾਵਾਂ ਮੈਂ ਜੋਬਨ ਰੁੱਤੇ
ਲੋਚ ਮੇਰਾ ਜਨਾਜ਼ਾ ਵੇਖਣ
ਚੜ੍ਹ ਚੜ੍ਹ ਆਪਣੇ ਕੋਠਿਆਂ ਉੱਤੇ
ਇਹੋ ਜਿਹਾ ਕਹਿਰ ਨਾ
ਵਾਪਰੇ ਕੁੜੀਏ ਨਾਲ ਮੇਰੇ
ਚਾਮਚਿੜੇ ਵਾਂਗ ਤੁਸੀਂ ਰਹਿ ਜਾਉ
ਪੁੱਠਿਆਂ ਲਟਕਦੇ ਸੁੱਤੇ

ਕਿਤੇ ਇੰਝ ਨਾ ਹੋਵੇ
ਤੇਰੇ ਸੁਫਨੇ ਵੇਖ ਮੈਂ ਉੱਡਦਾ ਜਾਵਾਂ
ਇੰਨਾ ਅੱਗੇ ਵੱਧ ਜਾਵਾਂ
ਕਿਤੇ ਜਨਮਾਂ ਤੱਕ ਮੁੜ ਨਾ ਆਵਾਂ
ਹੀਰ ਰਾਂਝਾ ਅਤੇ ਸੱਸੀ ਪੁੰਨੂੰ
ਬਣਾ ਨਵਾਂ ਇਤਿਹਾਸ ਗਏ
ਇੱਕ ਹੋਰ ਇਤਿਹਾਸ ਬਣਾਉਣ ਲਈ
ਮੈਂ ਇੱਕ ਹੋਰ ਸਦਾਈ ਬਣ ਜਾਵਾਂ

ਕਿਤੇ ਇੰਝ ਨਾ ਹੋਵੇ
ਦਰਦ ਲਿਖਦਿਆਂ ਸੰਦੀਪ ਚੁਟਕਲਾ ਬਣ ਚੱਲੇ
ਕਿੰਝ ਦੱਸਾਂ ਅਸਾਂ ਗੋਤੇ ਖਾਂਦੇ
ਮਰਦੇ ਰਹੇ ਸਮੁੰਦਰਾਂ ਥੱਲ੍ਹੇ
ਹਾਲਾਤਾਂ ਦੀ ਲਹਿਰ ਸਾਨੂੰ
ਸੁੱਟਿਆ ਜਦੋਂ ਕੰਢੇ 'ਤੇ
ਉਦੋਂ ਤੱਕ ਸਾਹ ਸਾਡੇ ਸੀ
ਜਿਉਣੀ ਬਾਜ਼ੀ ਹਾਰ ਚੱਲੇ

# ਮੁੱਕੀ ਆਸ

ਰਾਤੀਂ ਸੁੱਤਾ ਰੋ ਕੇ ਫਿਰ ਇੱਕ ਖ਼ੁਆਬ ਆ ਬੈਠਾ
ਚਾਹੁੰਦੀ ਸੀ ਰੂਹ ਜਿਸ ਨੂੰ ਉਹ ਜਨਾਬ ਆ ਬੈਠਾ
ਸਦੀਆਂ ਤੋਂ ਰੌਂਦੀ ਆਈ ਅੱਖ ਹੰਝੂਆਂ ਨਾਲ ਹੜ੍ਹ ਕੇ
ਉਹਨਾਂ ਅੱਖਾਂ ਵਿੱਚ ਖੁਸ਼ੀ ਦਾ ਇੱਕ ਸਲਾਬ ਆ ਬੈਠਾ
ਗਲ ਵਿੱਚ ਪਾਈਆਂ ਬਾਹਾਂ ਗੱਲ ਕੀਤੀ ਅਸਾਂ ਹੱਸ ਕੇ
ਖੁਆਬ ਵਿੱਚ ਖੁਸ਼ੀ ਦਾ ਇੱਕ ਪਹਾੜ ਆ ਬੈਠਾ
ਖੁਸ਼ੀ ਸੀ ਪਲ ਦੋ ਪਲ ਦੀ ਹਨ੍ਹੇਰੀ ਆਉਣੀ ਸੀ ਅਜੇ
ਅਗਲੇ ਪਲ ਉਹਦਾ ਮਹਿਰਮ ਸੀ ਜੋ ਖਾਸ ਆ ਬੈਠਾ
ਦੋਹਾਂ ਨੂੰ ਸਤਿਕਾਰਿਆ ਚਾਹ ਪਿਲਾਈ ਮੈਂ ਹੱਥੋਂ
ਮਿਲ ਖੇਡ ਕੇ ਸਾਰੀ ਰਾਤ ਵਿਹਾਈ ਮੈਂ ਅੱਗੋਂ
ਦੋਹੇਂ ਤੜਕੇ ਉਠ ਤੁਰ ਗਏ, ਮੈਂ ਰੋ ਸਾਹ ਸੁਕਾ ਬੈਠਾ
ਹਸਦੀ ਖੇਡਦੀ ਜਿੰਦ ਆਪਣੀ ਮੈਂ ਆਪ ਮੁਕਾ ਬੈਠਾ

# ਚੰਦਰੀ ਭੁੱਖ

ਜਿਹਨੂੰ ਟੁੱਕ ਸਮਝ ਕੇ ਖਾਂਦੀ ਰਹੀ ਮੈਂ
ਉਹ ਚੰਮ ਸੀ ਮੇਰੇ ਸੋਹਣੇ ਯਾਰ ਦੀ
ਦੁੱਖ ਉਹਦੇ ਤੋਂ ਬੇਖ਼ਬਰ ਹਸਦੀ ਰਹੀ ਮੈਂ
ਜਦੋਂ ਤੱਕ ਬਣ ਨਾ ਗਈ ਖ਼ਬਰ ਅਖ਼ਬਾਰ ਦੀ

ਜਿਹੜਾ ਹਾਸੇ ਮੇਰੇ ਨਾਲ ਹਸਦਾ ਸੀ
ਹੰਝੂ ਵੇਖ ਦੁਹੱਥੜ ਮਾਰ ਰੋ ਪੈਂਦਾ ਸੀ
ਮੇਰਾ ਮੁੱਖੜਾ ਵੇਖ ਚਲਦੇ ਸਨ ਸਾਹ ਉਹਦੇ
ਵਿਛੋੜੇ ਬਾਰੇ ਸੋਚਦਿਆਂ ਉਹਦਾ ਹੰਝੂ ਚੋ ਪੈਂਦਾ ਸੀ
ਬਹੁਤ ਸਤਾਇਆ ਮੈਂ ਅਣਜਾਣੇ ਵਿੱਚ
ਛਿੱਲ ਲਾਹੀ ਉਸ ਪਿਆਰ ਦੇ ਕਲਾਕਾਰ ਦੀ
ਦੁੱਖ ਉਹਦੇ ਤੋਂ ਬੇਖ਼ਬਰ ਹਸਦੀ ਰਹੀ ਮੈਂ
ਜਦੋਂ ਤੱਕ ਬਣ ਨਾ ਗਈ ਖ਼ਬਰ ਅਖ਼ਬਾਰ ਦੀ

ਮੱਝੀਆਂ ਬਾਰਾਂ ਸਾਲ ਚਾਰੀਆਂ ਰਾਂਝੇ ਨੇ
ਉਹ ਤਾਂ ਸਾਰੀ ਉਮਰ ਚਾਰਨ ਨੂੰ ਫਿਰਦਾ ਸੀ
ਇੰਝ ਜਾਪਦਾ ਸੀ ਰੱਬਾ ਮੇਰਿਆ
ਸਦਾ ਵਾ ਵਰੋਲਿਆਂ ਵਿੱਚ ਉਹ ਰਿਹਾ ਘਿਰਦਾ ਸੀ
ਦਿਲੋਂ ਚਾਵਣ ਵਾਲਾ ਗੱਭਰੂ ਸੋਹਣਾ
ਗੱਲ ਕਰਦੀ ਰਹੀ ਮੈਂ ਵਪਾਰ ਦੀ
ਜਿਹਨੂੰ ਟੁੱਕ ਸਮਝ ਕੇ ਖਾਂਦੀ ਰਹੀ ਮੈਂ
ਉਹ ਚੰਮ ਸੀ ਮੇਰੇ ਸੋਹਣੇ ਯਾਰ ਦੀ

# ਤੜਫ ਦੀ ਜੜ੍ਹ

ਹੌਲੀ ਹੌਲੀ ਚੰਨ ਜਦੋਂ ਅੰਬਰਾਂ ਵਿੱਚ ਚੜ੍ਹ ਆਇਆ
ਉਦੋਂ ਦੀ ਫਿੱਕੀ ਪੈ ਗਈ ਲੋਅ ਇਹਨਾਂ ਤਾਰਿਆਂ ਦੀ
ਗੋਰਾ ਰੰਗ ਚਿੱਟੇ ਦੰਦ ਸਹਿਰ ਮੇਰੇ ਜਦੋਂ ਆਈ
ਪਲ ਵਿੱਚ ਸੋਹਣੀ ਨੇ ਨੀਂਦਰ ਖੋਹ ਲਈ ਸਾਰਿਆਂ ਦੀ
ਵੇਖੀ ਜਾਵਾਂ ਅੱਜ ਉਹਦਾ ਹੱਦੋਂ ਵੱਧ ਰੂਪ ਸੋਹਣਾ
ਫਿੱਕੀ ਪੈ ਗਈ ਚਮਕ ਇਹਨਾਂ ਕੁਦਰਤੀ ਨਜ਼ਾਰਿਆਂ ਦੀ
ਗੁਲਾਬੀ ਸੂਟ ਪਾਉਂਦੀ ਦੁਪੱਟਾ ਸਤਰੰਗੀ ਉਤੋਂ
ਕੀ ਦੱਸਾਂ ਝੂਟੇ ਖਾਂਦੇ ਲੱਕ ਦੇ ਹੁਲਾਰਿਆਂ ਦੀ
ਜਿਹੜਾ ਉਹਨੂੰ ਵੇਖੇ ਬਸ ਉਹਦੇ ਜੋਗਾ ਰਹਿ ਜਾਂਦਾ
ਗਿਣਤੀ ਵੱਧਦੀ ਜਾਂਦੀ ਇਸ ਪਿਆਰ ਦੇ ਖਿਡਾਰੀਆਂ ਦੀ
ਨਸ਼ਿਆਏ ਉਹਦੇ ਅੰਗ ਤੇ ਕੱਪੜੇ ਉਹਦੇ ਤੰਗ
ਰੂਹ ਤੜਫ ਉਠਦੀ ਅਸਾਂ ਇਸ਼ਕ ਵਿੱਚ ਮਾਰਿਆਂ ਦੀ
ਕੰਮ ਨਾ ਕੋਈ ਕਾਰ ਬਸ ਬੈਠੀ ਰਹੇ ਕੋਠੇ ਚੜ੍ਹ
ਸਿਫ਼ਤ ਲੋਕੀ ਕਰਦੇ ਉਹਦੇ ਮਹਿਲ ਤੇ ਚੁਬਾਰਿਆਂ ਦੀ
ਇੱਕ ਝਾਤ ਆਪਣੇ ਵੱਲ ਅੱਜ ਮੈਂ ਸਵੇਰੇ ਮਾਰੀ
ਕੌਣ ਕਰੂ ਫ਼ਿਕਰ ਸਾਡੇ ਨੀਂਵੇ ਜਿਹੇ ਢਾਰਿਆਂ ਦੀ
ਮਿਲੇ ਉਹ ਸੰਦੀਪ ਨੂੰ ਜਾਂ ਪਾਸਾ ਵੱਟ ਲੰਘ ਜਾਵੇ
ਰੱਬਾ ਹੋਵੇ ਖ਼ੈਰ ਉਹਦੇ ਜਾਨ ਤੋਂ ਪਿਆਰਿਆਂ ਦੀ

# ਗੁੱਝਾ ਦੁੱਖ

ਮੈਂ ਦਰਖਤ ਹਾਂ ਰਾਹ ਤੇ ਉਗਿਆ ਹੋਇਆ
ਜਿਹਦੇ ਪੱਤੇ ਬਣੇ ਸਦਾ ਪੀਲੇ ਰਹੇ
ਆਉਂਦਿਆਂ ਜਾਂਦਿਆਂ ਨੂੰ ਵੇਖ ਕੇ ਚਿੱਤ ਪਰਚਾਇਆ
ਫਿਰ ਵੀ ਨੈਣਾਂ ਦੇ ਬੂਹੇ ਸਦਾ ਭਿੜੇ ਰਹੇ
ਖੋਲ੍ਹ ਅੱਖਾਂ ਵੇਖਿਆ ਜਦੋਂ ਕਦੇ ਰਾਹ ਜਾਂਦਿਆਂ ਨੂੰ
ਮੈਨੂੰ ਬਿਰਹੋ ਦੇ ਪੈਂਦੇ ਸਦਾ ਕੀੜੇ ਰਹੇ
ਖੁਸ਼ੀਆਂ ਰਹੀਆਂ ਸਦਾ ਮੀਲਾਂ ਦੂਰ ਮੈਥੋਂ
ਜਿਵੇਂ ਸੀਵਿਆਂ ਵਿੱਚ ਜਗਦੇ ਕੁੱਝ ਦੀਵੇ ਰਹੇ
ਲਹੂ ਜਿਸਮ ਵਿੱਚ ਸੜ ਗਿਆ ਸਾਰਾ ਤਿਲ ਤਿਲ ਕਰਕੇ
ਜਿਵੇਂ ਖਾਕ ਹੋਣ ਲਈ ਬਲਦੇ ਵਿੱਚ ਸੀਵੇ ਰਹੇ

## ਸ਼ਰਮਸਾਰ

ਮੁਲਕ ਸ਼ਰਮਸਾਰ ਹੈ ਪੰਜਾਬ ਸ਼ਰਮਸਾਰ ਹੈ
ਪਿਆਰ ਕਰਨ ਵਾਲਾ ਹਰ ਇੱਕ ਜਨਾਬ ਸ਼ਰਮਸਾਰ ਹੈ
ਇਸ਼ਕ ਦੇ ਵਪਾਰੀਆਂ ਤੇ ਕਾਲੇ ਸਾਏ ਆਉਂਦੇ ਨੇ
ਮਾਸੂਮ ਜਿਹੇ ਖਿਡਾਰੀਆਂ ਤੇ ਜ਼ੁਲਮ ਢਾਹੇ ਜਾਂਦੇ ਨੇ
ਮੁਲਕ ਦੀ ਅੱਜ ਧਰਤੀ ਲੱਖ ਹਜ਼ਾਰ ਸ਼ਰਮਸਾਰ ਹੈ

ਮੁਲਕ ਸ਼ਰਮਸਾਰ ਹੈ ਪੰਜਾਬ ਸ਼ਰਮਸਾਰ ਹੈ
ਰਾਂਝੇ ਨੂੰ ਹੀਰ ਤੋਂ ਵੱਖ ਹੋਣਾ ਪੈਂਦਾ ਹੈ
ਹੱਥੀਂ ਮੂੰਹ ਲੁਕੋ ਕੇ ਸਾਰੀ ਉਮਰ ਰੋਣਾ ਪੈਂਦਾ ਹੈ
ਸਤਲੁਜ ਤੇ ਰਾਵੀ ਨਾਲ ਚਿਨਾਬ ਸ਼ਰਮਸਾਰ ਹੈ
ਮੁਲਕ ਸ਼ਰਮਸਾਰ ਹੈ ਪੰਜਾਬ ਸ਼ਰਮਸਾਰ ਹੈ

ਦੁੱਖ ਪੁੱਛ ਵੇਖੋ ਕਦੇ ਅੰਬਰੋਂ ਟੁੱਟੇ ਤਾਰੇ ਤੋਂ
ਦੁੱਖ ਜਰ ਨਾ ਹੁੰਦਾ ਕਦੇ ਇਸ਼ਕ ਦੇ ਮਾਰੇ ਤੋਂ
ਅੰਬਰੀਂ ਨਜ਼ਰ ਆਉਂਦਾ ਹਰ ਉਕਾਬ ਸ਼ਰਮਸਾਰ ਹੈ
ਮੁਲਕ ਸ਼ਰਮਸਾਰ ਹੈ ਪੰਜਾਬ ਸ਼ਰਮਸਾਰ ਹੈ

## ਬਿਰਤਾਂਤ

ਚਲ ਦਸ ਸੰਦੀਪ ਨਿਮਾਨਿਆ ਤੂੰ ਕਿਹੜਾ ਤੀਰ ਮਾਰ ਲਿਆ
ਇਸ ਜਿੰਦ ਨਿਮਾਣੀ ਵਿੱਚ ਤੂੰ ਇਸ਼ਕੇ ਦੀ ਬਾਜ਼ੀ ਹਾਰ ਗਿਆ
ਤੂੰ ਬਹੁਤ ਟੱਪੀ ਫਿਰਦਾ ਸੀ ਹੁਣ ਦੱਸ ਕਾਹਨੂੰ ਬਹਿ ਗਿਆ ਏ
ਗੱਲ ਸਮਝ ਨਾ ਆਵੇ ਕਿ ਤੂੰ ਦੁੱਖ ਕਿਵੇਂ ਸਹਿ ਗਿਆ ਏ
ਹੋਰ ਸੂਰਮੇ ਵੀ ਨੇ ਜਿਹੜੇ ਜਾਨ ਗੁਆ ਕੇ ਬਹਿ ਗਏ ਨੇ
ਰਾਂਝੇ ਮਿਰਜੇ ਵਰਗੇ ਆਪਣੇ ਨਾਮ ਕਮਾਂ ਕੇ ਲੈ ਗਏ ਨੇ
ਤੂੰ ਸੰਦੀਪ ਨਿਮਾਣੇ ਕਾਹਦਾ ਪਿਆਰ ਕਰੀ ਫਿਰਦਾ ਸੀ
ਉਹ ਤੁਰ ਗਈ ਅੱਖਾਂ ਸਾਹਮਣੇ ਤੂੰ ਦੀਦਾਰ ਕਰੀ ਫਿਰਦਾ ਸੀ
ਬਸ ਕਰੋ ਵੇ ਲੋਕੋ ਹੁਣ ਵਾਧੂ ਹੀ ਤੁਸੀਂ ਬੋਲ ਲਿਆ
ਤੁਸੀਂ ਕੀ ਸਮਝਦੇ ਹੋ ਮੇਰੇ ਦਿਲ ਦਾ ਰਾਜ਼ ਖੋਲ੍ਹ ਲਿਆ
ਨਾ ਆਖੋ ਮੈਨੂੰ ਨਿਮਾਣਾ ਸ਼ੌਕੀਣ ਹਾਂ ਮੈਂ ਹਥਿਆਰ ਦਾ
ਹਥਿਆਰ ਦੀ ਗਲ ਵੱਖਰੀ ਮੈਂ ਗੁਲਾਮ ਹਾਂ ਉਹਦੇ ਪਿਆਰ ਦਾ
ਲੈ ਤਾਂ ਉਸਨੂੰ ਮੈਂ ਆਉਂਦਾ ਜੇ ਫ਼ਿਕਰ ਹੁੰਦੀ ਸ਼ਾਨ ਦੀ
ਰਾਤੀਂ ਚੁੱਕ ਕੇ ਲੈ ਆਉਂਦਾ ਕੀ ਕੀਮਤ ਮੇਰੀ ਜਾਨ ਦੀ
ਜਦ ਲੱਗਿਆ ਮੈਨੂੰ ਪਤਾ ਉਹ ਪਿਆਰ ਕਰੇ ਕਿਸੇ ਹੋਰ ਨੂੰ
ਰਾਹ ਦਾ ਰੋੜਾ ਕਿਉਂ ਬਣਨਾ ਕੀ ਕਰੀਏ ਦਿਲ ਦੇ ਜੋਰ ਨੂੰ ?
ਬਸ ਖੁਸ਼ ਰਹੇ ਉਹ ਕੁੜੀ ਸਲਾਮਾਂ ਉਹਦੇ ਯਾਰ ਨੂੰ
ਕੁਰਬਾਨ ਕਰ ਦਿੱਤਾ ਯਾਰੋ ਮੈਂ ਆਪਣੇ ਪਹਿਲੇ ਪਿਆਰ ਨੂੰ

## ਦੇਰ ਸਵੇਰ

ਮੇਰੇ ਸਾਹ ਚਲਦਿਆਂ ਨੱਸਦੀ ਸੀ ਦੂਰ ਸਦਾ
ਹੁਣ ਬਹਿ ਹੰਝੂ ਵਗਾਉਣ ਦਾ ਕੋਈ ਫਾਇਦਾ ਨਹੀਂ
ਜਦੋਂ ਜਿਉਂਦੇ ਸਾਂ ਸਾਨੂੰ ਬੇਫ਼ਵਾ ਕਹਿੰਦੀ ਸੀ
ਹੁਣ ਖ਼ਤ ਸੀਨੇ ਲਾਉਣ ਦਾ ਕੋਈ ਫਾਇਦਾ ਨਹੀਂ
ਜਿਉਂਦਿਆਂ ਮੌਤ ਦੀ ਕਰਦੀ ਸੀ ਦੁਆ ਸਾਡੀ
ਹੁਣ ਲਾਸ਼ ਫੁੱਲਾਂ ਨਾਲ ਸਜਾਉਣ ਦਾ ਕੋਈ ਫਾਇਦਾ ਨਹੀਂ
ਜਿਉਂਦਿਆਂ ਲੀਰ ਨਾ ਮਿਲਿਆ ਜਿਸਮ ਸਾਡੇ ਨੂੰ
ਹੁਣ ਕਫ਼ਨ ਰੇਸ਼ਮੀ ਪਾਉਣ ਦਾ ਕੋਈ ਫਾਇਦਾ ਨਹੀਂ
ਜਿਉਂਦਿਆਂ ਕੀਮਤ ਨਾ ਪਾਈ ਕੋਡੀਉਂ ਵੱਧ ਸਾਡੀ
ਹੁਣ ਘਰ ਫੋਟੋ ਸਜਾਉਣ ਦਾ ਕੋਈ ਫਾਇਦਾ ਨਹੀਂ
ਮੌਤ ਕੁੱਤੇ ਦੀ ਮਰਿਆ ਸੰਦੀਪ ਜਿਉਂਦੇ ਜੀ
ਹੁਣ ਮਰ ਕੇ ਸ਼ਾਇਰ ਅਖਵਾਉਣ ਦਾ ਕੋਈ ਫਾਇਦਾ ਨਹੀਂ

## ਤੂੰ ਅਰਸ਼ ਮੈਂ ਫਰਸ਼

ਖਿੜਦੇ ਰਹਿਣ ਹਾਸੇ ਤੇਰੇ ਸੁਰਖ਼ੀ ਲੱਗੇ ਬੁੱਲ੍ਹਾਂ ਤੇ
ਸਾਨੂੰ ਕੱਟਣਾ ਆਉਂਦਾ ਇਹਨਾਂ ਹਾਸਿਆਂ ਤੋਂ ਬਗ਼ੈਰ ਵੀ
ਨਾ ਹੋਵੇ ਦੁੱਖ ਕਦੇ ਤੇਰੀ ਹਸਦੀ ਜਿੰਦ ਅੰਦਰ
ਸਾਨੂੰ ਕੱਟਣਾ ਆਉਂਦਾ ਇਹਨਾਂ ਸੁਖਾਂ ਤੋਂ ਬਗੈਰ ਵੀ
ਪੈਂਦੀ ਰਹੇ ਯਾਰੀ ਤੇਰੀ ਨਵੇਂ ਨਵੇਂ ਯਾਰਾਂ ਨਾਲ
ਅਸੀਂ ਹਾਂ ਜਿਉਂਦੇ ਲੈ ਲੋਕਾਂ ਨਾਲ ਵੈਰ ਨੀ
ਇੱਕ ਜਵਾਬ ਰੂਹ ਸਾਡੀ ਹੁਣ ਤੱਕ ਤੈਥੋਂ ਮੰਗਦੀ ਏ
ਕਿਉਂ ਦਿੱਤਾ ਘੋਲ ਸਾਡੀ ਜਿੰਦੜੀ ਵਿੱਚ ਜ਼ਹਿਰ ਨੀ
ਕੀ ਲੈ ਕੇ ਜਾਣਾ ਇਸ ਨਿਮਾਣੀ ਜਿੰਦ ਵਿੱਚੋਂ
ਕਿੱਥੇ ਤੁਰੀ ਫਿਰਦੀ ਅੱਜ ਦੋ ਪਲ ਲਈ ਠਹਿਰ ਨੀ
ਮੌਤ ਵੀ ਨਾ ਆਉਂਦੀ ਨਿਮਾਣੇ ਜਿਹੇ ਸੰਦੀਪ ਨੂੰ
ਚਿੱਤ ਬੜਾ ਅੱਜ ਚਾਹੁੰਦਾ ਮੇਰਾ ਸੁਰਗਾਂ ਦੀ ਸੈਰ ਨੀ

# ਇਲਜ਼ਾਮ

ਇਸ ਅਵੱਲੀ ਦੁਨੀਆ ਵਿੱਚ
ਕਈ ਲੱਗੀਆਂ ਪੁਗਾਉਂਦੇ ਫਿਰਦੇ ਨੇ
ਮਿਰਜੇ ਵਰਗੇ ਯਾਰ ਪਿੱਛੇ
ਪਏ ਜਾਨ ਗੁਆਉਂਦੇ ਫਿਰਦੇ ਨੇ
ਇਹੋ ਦੁਨੀਆ ਹੈ ਜਿਸ ਵਿੱਚ
ਧੋਖੇ ਦੀ ਕੋਈ ਥੋੜ ਨਹੀਂ
ਬੁੱਲ੍ਹੇ ਸ਼ਾਹ ਵਰਗੇ ਵੀ ਨੇ
ਨੱਚ ਯਾਰ ਮਨਾਉਂਦੇ ਫਿਰਦੇ ਨੇ
ਕੀ ਕਸੂਰ ਸੀ ਰਾਂਝੇ ਦਾ
ਰੱਖ ਭਾਲ ਮੱਝਾਂ ਦੀ ਸੀ ਕੀਤੀ
ਫਿਰ ਡੋਲੀ ਚੱਕ ਹੀਰ ਦੀ
ਸ਼ਰ੍ਹੇਆਮ ਲਿਜਾਂਦੇ ਫਿਰਦੇ ਨੇ
ਨਾ ਜੀ ਸਕੀਏ ਨਾ ਮਰ ਸਕੀਏ
ਜਦ ਯਾਰ ਵਿਛੋੜਾ ਪਾ ਜਾਵੇ
ਮਸੀਤਾਂ ਵਿੱਚ ਬਹਿ ਨੀਰ ਸਦਾ
ਹਰ ਵਾਰ ਵਗਾਉਂਦੇ ਫਿਰਦੇ ਨੇ
ਸੰਦੀਪ ਨਿਮਾਣੇ ਵਰਗੇ ਤਾਂ
ਪਏ ਹੁੰਦੇ ਆਪੋ ਆਪ ਮਾੜੇ
ਰੱਬ ਵਰਗੇ ਉਹ ਯਾਰਾਂ ਤੇ
ਇਲਜ਼ਾਮ ਲਗਾਉਂਦੇ ਫਿਰਦੇ ਨੇ

# ਕੀਮਤ

ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

ਮੇਰੀ ਮੌਤ ਨੂੰ ਮੰਗਦੀ ਜਾਨ ਨਾਲੋਂ
ਤੇਰੇ ਰੁੱਸਣ ਦੀ ਕੀਮਤ ਵਾਧੂ ਏ
ਤੇਰੇ ਬੁੱਲ ਖਿੜਦੇ ਹਾਸੇ ਲਈ
ਮੈਂ ਸੌ ਸੌ ਜਿੰਦ ਕੁਰਬਾਨ ਕਰਾਂ
ਨਾਂ ਤੇਰਾ ਲਿਖ ਸਿਰ ਮੱਥੇ
ਘੁੰਮਦਾ ਮੈਂ ਸ਼ਰ੍ਹੇਆਮ ਫਿਰਾਂ
ਤੁਰ ਜਾਣ ਪਿੱਛੋਂ ਉਸ ਹੀਰੇ ਦੇ
ਰਾਂਝਾ ਕਿਉਂ ਬਣਿਆ ਸਾਧੂ ਏ
ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

ਇੱਕ ਦੂਰ ਪਿਛੋਕੜ ਜਿਹੇ ਪਿੰਡ ਵਿੱਚ
ਸਾਡਾ ਰਹਿਣ ਬਸੇਰਾ ਏ
ਤੇਰੀ ਯਾਦ ਚ ਕੱਟਦੀ ਰਾਤ ਸਾਡੀ
ਜਾਪੇ ਦੂਰ ਸਵੇਰਾ ਏ
ਮੇਰੀ ਹੜ੍ਹਦੀ ਅੱਖ ਦੇ ਬੋਲ ਨਾਲੋਂ
ਚੁੱਪ ਬਹਿਣ ਦੀ ਕੀਮਤ ਵਾਧੂ ਏ
ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

ਸਿਰ ਧਰ ਤੇਰੇ ਪੱਟਾਂ ਤੇ
ਜੋ ਦਿਨ ਗੁਜਾਰੇ ਭੁੱਲਣੇ ਨਹੀਂ
ਪਿਆਰ ਮੇਰੇ ਦੇ ਰਾਜ਼ ਬੜੇ
ਬੜੀ ਮੁੱਦਤ ਤੱਕ ਜੋ ਖੁੱਲਣੇ ਨਹੀਂ

ਮੇਰੇ ਆਉਂਦੇ ਜਾਂਦੇ ਸਾਹ ਨਾਲੋਂ
ਰਕੀਬ ਦੀ ਕੀਮਤ ਵਾਧੂ ਏ
ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

ਜਿੰਦ ਸਾਡੀ ਦੇ ਲੇਖਾਂ ਵਿੱਚ
ਲਗਦੈ ਰੱਬ ਨੇ ਦੁੱਖ ਲਿਖਿਆ
ਪਿਆਰ ਸਾਡੇ ਦੀ ਕੀਮਤ ਨਹੀਂ
ਇੰਝ ਲਗਦੈ ਹੁਣ ਮੈਂ ਮਰ ਚੱਲਿਆ
ਮੂੰਹੋਂ ਕੱਢੇ ਬੋਲ ਨਾਲੋਂ
ਉਹਨਾਂ ਪੁੱਗਣ ਦੀ ਕੀਮਤ ਵਾਧੂ ਏ
ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

ਸੰਦੀਪ ਨਿਮਾਣੇ ਬਸ ਕਰ ਹੁਣ
ਨੈਣ ਤਾਂ ਤੇਰੇ ਹੜ੍ਹ ਆਏ
ਉਹਨੂੰ ਵੇਖ ਰਕੀਬੀ ਬਾਹਾਂ ਵਿੱਚ
ਹੜ੍ਹਦੇ ਨੈਣ ਵੀ ਸੜ ਆਏ
ਮੇਰੇ ਜਿਹੇ ਭੈੜੇ ਸ਼ਾਇਰ ਤੋਂ
ਤੇਰੇ ਪਸ਼ੂ ਦੀ ਕੀਮਤ ਵਾਧੂ ਏ
ਮੇਰੇ ਜਿਸਮ ਚੋਂ ਰਿਸਦੇ ਲਹੂ ਨਾਲੋਂ
ਤੇਰੇ ਹੁਸਨ ਦੀ ਕੀਮਤ ਵਾਧੂ ਏ

## ਹੁਸਨ

ਨਿੱਤ ਮਾਰ ਨੀ ਕੁੜੀਏ ਤੂੰ ਅੰਬਰਾਂ ਚ ਉਡਾਰੀ
ਚੇਤਾ ਤੇਰਾ ਆਵੇ ਕਿੰਝ ਲੰਘੇ ਰਾਤ ਸਾਰੀ
ਪਿਆਰ ਮੇਰੇ ਦਾ ਸੋਹਣੀਏ ਮਜ਼ਾਕ ਉਡਾਇਆ ਰੱਜ ਕੇ
ਰਹਿੰਦੀ ਕਸਰ ਵੀ ਕੱਢ ਲਈ ਨਾਲ ਵੈਰੀ ਦੇ ਭੱਜ ਕੇ
ਅੱਜ ਮੈਂ ਲੁੱਟਿਆ ਗਿਆ ਕੱਲ੍ਹ ਤੁਹਾਡੀ ਵਾਰੀ
ਸ਼ੌਕੀਨ ਮੈਂ ਹਥਿਆਰਾਂ ਦਾ ਅੱਜ ਖੁੱਲ੍ਹ ਗਈ ਪੋਲ ਸਾਰੀ
ਸੱਚੇ ਆਸ਼ਿਕ ਮਾਰੇ ਜਾਂਦੇ ਗੱਲ ਪੁਰਾਣੀ ਸਦੀਆਂ ਦੀ
ਦਿਲ ਤੋੜਨਾ ਯਾਰੀ ਲਾ ਕੇ ਸ਼ੌਕੀ ਖੇਡ ਏ ਕੁੜੀਆਂ ਦੀ
ਰੂਹ ਤੱਕ ਮੇਰੀ ਤੜਫਦੀ ਕਹੇ ਮੈਂ ਇਸ਼ਕੇ ਦੀ ਮਾਰੀ
ਚੇਤਾ ਤੇਰਾ ਆਵੇ ਕਿੰਝ ਲੰਘੇ ਰਾਤ ਸਾਰੀ

## ਤੜਫ ਭਰੀ ਮੌਤ

ਰਿਸ ਗਿਆ ਲਹੂ ਦਿਲ ਮੇਰੇ ਦਾ
ਇਸ਼ਕ ਥੱਲੇ ਦਰੜ ਕੇ
ਮਰ ਨਾ ਜਾਈਏ ਅਸੀਂ ਕਿਤੇ
ਮਾੜੀ ਤਰ੍ਹਾਂ ਤੜਫ ਕੇ

ਰੱਬ ਕੋਲੋਂ ਮੰਗੀਏ ਅਸੀਂ
ਵੇ ਸੋਹਣੀਏ ਤੇਰੀ ਖ਼ੈਰ ਹੋਵੇ
ਤੂੰ ਰਹੇ ਸਦਾ ਖ਼ੁਸ਼ ਅਤੇ
ਨਾ ਕਿਸੇ ਨਾਲ ਤੇਰਾ ਵੈਰ ਹੋਵੇ
ਵੈਰ ਪਾ ਕੇ ਨਾਲ ਸਾਡੇ
ਕਾਹਨੂੰ ਬੋਲਦੀ ਏ ਕੜਕ ਕੇ
ਮਰ ਨਾ ਜਾਈਏ ਅਸੀਂ ਕਿਤੇ
ਮਾੜੀ ਤਰ੍ਹਾਂ ਤੜਫ ਕੇ

ਵਿਛੌੜਾ ਪਾ ਕੇ ਨਾਲ ਤੇਰੇ
ਸਾਨੂੰ ਸਦਾ ਦੁੱਖ ਮਿਲਿਆ
ਛੱਡ ਕੇ ਇਸ ਨਿਮਾਣੇ ਨੂੰ
ਦਸ ਭਲਾ ਤੈਨੂੰ ਕੀ ਮਿਲਿਆ
ਨਾਲ ਕਲੇਜੀ ਬਾਹਰ ਆਇਆ
ਦਿਲ ਵੀ ਮੇਰਾ ਧੜਕ ਕੇ
ਮਰ ਨਾ ਜਾਈਏ ਅਸੀਂ ਕਿਤੇ
ਮਾੜੀ ਤਰ੍ਹਾਂ ਤੜਫ ਕੇ

ਇਸ ਚੰਦਰੀ ਦੁਨੀਆਂ ਵਿੱਚ
ਕੰਮ ਤਾਂ ਆਪਣਾ ਸਾਰ ਲਿਆ
ਪਰ ਸ਼ਾਇਦ ਮਾੜੇ ਕਰਮਾਂ ਕਰਕੇ
ਇਸ਼ਕੇ ਦੀ ਬਾਜ਼ੀ ਹਾਰ ਗਿਆ
ਭੈੜੀ ਮਾਰ ਇਸ਼ਕੇ ਦੀ
ਧਰੀੜ ਛੱਡਿਆ ਮੈਨੂੰ ਸੜਕ ਤੇ
ਮਰੂਗਾ 'ਸੰਦੀਪ' ਇੱਕ ਦਿਨ
ਮਾੜੀ ਤਰ੍ਹਾਂ ਤੜਫ ਕੇ

## ਰੌਣ

ਰੂਹ ਤਕ ਸਾਡੀ ਰੌਂਦੀ ਏ
ਇਹ ਦੁੱਖ ਭਲਾ ਤੈਨੂੰ ਕੀ ਦੱਸੀਏ
ਚੇਤਾ ਹੁਣ ਵੀ ਆਉਂਦਾ ਏ
ਉਸ ਕੁੜੀ ਮਸਤਾਨੀ ਦਾ
ਇਹ ਜਿੰਦ ਤੇਰੇ ਬਿਨ ਨਹੀਂ ਕੱਟਣੀ
ਮੁੱਲ ਵੀ ਪੈਂਦਾ ਕੋਈ ਨਾ
ਖੋ ਜਾਂਦਾ ਚਿੱਤ ਯਾਦਾਂ ਵਿੱਚ
ਉਹਦਾ ਨਖ਼ਰਾ ਚੜ੍ਹੀ ਜਵਾਨੀ ਦਾ
ਇਹ ਦੁੱਖ ਸਾਡਾ ਅਵੱਲਾ ਏ
ਇਹ ਜਿੰਦ ਮੇਰੀ ਅਵੱਲੀ ਏ
ਲੱਪ ਹੰਝੂ ਮਿਲੇ ਮਾਹੀ ਤੋਂ
ਉਹਨਾਂ ਦਿੱਤੀ ਪਿਆਰ ਨਿਸ਼ਾਨੀ ਦਾ
ਛੱਡ ਸੰਦੀਪ ਨਿਮਾਣੇ ਨੂੰ
ਤੂੰ ਮੁਲਕ ਬਾਹਰਲੇ ਤੁਰ ਗਈ ਏਂ
ਮਰ ਤਾਂ ਅਸੀਂ ਗਏ ਹਾਂ
ਬਸ ਦੁੱਖ ਉਹਦੀ ਮਨਮਾਨੀ ਦਾ

## ਭੈੜਾ ਇਸ਼ਕ

ਕੀ ਹੋਇਆ ਅਸੀਂ ਰੌਂਦੇ ਹਾਂ
ਕਦੇ ਹੁੰਦੇ ਸੀ ਸੁਖ ਕੋਲ ਸਾਡੇ
ਕੀ ਹੋਇਆ ਚੁੱਪ ਰਹਿੰਦੇ ਹਾਂ
ਕਦੇ ਸੁਣਦੇ ਸੀ ਉਹ ਬੋਲ ਸਾਡੇ
ਕੀ ਹੋਇਆ ਮੁੱਲ ਕੱਖ ਵੀ ਨਹੀਂ
ਕਦੇ ਕੀਮਤ ਪੈਂਦੀ ਸੀ ਵੱਡੀ
ਹੀਰਿਆਂ ਤੋਂ ਵੀ ਕਈ ਗੁਣਾਂ
ਯਾਰ ਸੀ ਇੱਕ ਅਨਮੋਲ ਸਾਡੇ
ਕਿੱਥੇ ਗਏ ਉਹ ਯਾਰ ਸਾਡੇ
ਕਿੱਥੇ ਗਏ ਉਹ ਪਿਆਰ ਸਾਡੇ
ਸਮੁੰਦਰ ਸੀ ਇੱਕ ਹੰਝੂਆਂ ਦਾ
ਅਸੀਂ ਰੋ ਰੋ ਉਸਨੂੰ ਭਰਦੇ ਰਹੇ
ਇਸ਼ਕੇ ਦੀ ਖ਼ਾਤਰ ਡੁੱਬ ਚੱਲੇ
ਕਿਉਂ ਸੀਨੇ ਵਸਦਾ ਪਿਆਰ ਸਾਡੇ
ਇਹ ਨਾ ਸਮਝੀ ਕੁੜੀਏ ਤੂੰ
ਅੱਜ ਵੀ ਯਾਰ ਹਜ਼ਾਰ ਸਾਡੇ
ਭਾਂਵੇਂ ਘੁੰਮ ਲਈ ਜਗ ਸਾਰਾ ਤੂੰ
ਨਾ ਮਿਲੂ ਵਾਂਗ ਤੈਨੂੰ ਪਿਆਰ ਸਾਡੇ
ਸੰਦੀਪ ਨਿਮਾਣਾ ਮਰ ਚੱਲਿਆ
ਅੱਜ ਇਸ਼ਕੇ ਦੇ ਬੂਹੇ ਤੇ
ਇਲਜ਼ਾਮ ਤੇਰੇ ਤੇ ਆਵੇਗਾ
ਜਿਹਨੇ ਕੀਤਾ ਦਿਲ ਤੇ ਵਾਰ ਸਾਡੇ

## ਗੁਆਚ

ਤੈਨੂੰ ਕੀ ਹੋ ਗਿਆ ਵੇ ਅੜੀਏ
ਅਸਾਂ ਨੂੰ ਭੁੱਲ ਕੇ ਬਹਿ ਗਈ ਏਂ
ਇੱਕ ਤੇਰੇ ਕਰਕੇ ਸੋਹਣੀਏ
ਅੱਖਾਂ ਆਸ ਜਗਾ ਕੇ ਬਹਿ ਗਈ ਏਂ
ਤੈਨੂੰ ਲੱਭਦਾ ਫਿਰੇ ਸੰਦੀਪ
ਤੂੰ ਕਿੱਥੇ ਜਾ ਕੇ ਬਹਿ ਗਈ ਏਂ
ਆਰਾਮ ਨਾਲ ਸੁੱਤੀ ਰਹਿੰਦੀ ਏਂ
ਤੇ ਨੀਂਦ ਸਾਡੀ ਵੀ ਲੈ ਗਈ ਏਂ

## ਰੋਣਾ ਟੱਪਣਾ

ਉਹ ਕੁੜੀ ਨਹੀਂ ਕੋਈ ਪਰੀ ਏ
ਸਾਡਾ ਦਿਲ ਆਖਦਾ ਹੁੰਦਾ ਸੀ
ਕਦੇ ਦੂਰੋਂ ਪਿੱਛੋਂ ਬਾਰੀ ਤੋਂ
ਉਹਦਾ ਮੂੰਹ ਤਕਦਾ ਹੁੰਦਾ ਸੀ
ਕਦੇ ਹਾਲ ਪੁੱਛੇ ਕਦੇ ਹੱਥ ਫੜੇ
ਸਿਰ ਗੋਦੀ ਪਿਆ ਹੁੰਦਾ ਸੀ
ਚਲ ਇੱਕ ਦੋ ਘੜੀਆਂ ਸੁਫਨਾ ਸਹੀ
ਹਰ ਵੇਲੇ ਸੁੱਤਾ ਹੁੰਦਾ ਸੀ
ਸੁੱਤਾ ਅੰਬਰਾਂ ਵਿੱਚ ਉਡਦਾ ਫਿਰੇ
ਉਥੇ ਵਿਆਹ ਉਸ ਦਾ ਜਦੋਂ ਹੁੰਦਾ ਸੀ
ਨਿਮਾਣਾ ਸਿਰ ਫੜ ਕੇ ਅਪਣਾ
ਟੱਪ ਟੱਪ ਕੇ ਰੋਂਦਾ ਹੁੰਦਾ ਸੀ

# ਇਸ਼ਕ ਤੇ ਦਾਗ਼

ਇਸ਼ਕ ਦੇ ਸੂਰਮੇ ਬਹੁਤੇ ਨੇ
ਅੱਗੇ ਵੀ ਆਉਂਦੇ ਹੋਣਗੇ
ਕਈ ਸੋਹਣੀ ਮਹੀਂਵਾਲ ਜਿਹੇ
ਮੇਰੇ ਵਰਗੇ ਕਈ ਹੋਣਗੇ
ਵਾਅਦੇ ਕੀਤੇ ਕਈਆਂ ਨੇ
ਕਈ ਪਿਆਰ ਨਿਭਾਉਂਦੇ ਹੋਣਗੇ
ਕਈ ਮੂੰਹ ਲੁਕੋ ਕੇ ਹੱਥਾਂ ਵਿੱਚ
ਪਏ ਯਾਰ ਬੁਲਾਉਂਦੇ ਹੋਣਗੇ
ਕਈ ਮਰ ਗਏ ਇਸ਼ਕ ਦੇ ਬੂਹੇ ਤੇ
ਪਏ ਹੋਰ ਵੀ ਮਰਦੇ ਹੋਣਗੇ
ਇਸ਼ਕ ਤੇ 'ਸੰਦੀਪ ਨਿਮਾਣੇ' ਜਿਹੇ
ਪਏ ਦਾਗ਼ ਲਵਾਉਂਦੇ ਹੋਣਗੇ

## ਆਸ

ਮਿੱਤਰੋ ਪਰਾਂ ਹੋ ਕੇ ਖੜ੍ਹ ਜਾਓ
ਅੱਜ ਯਾਰ ਮੇਰੇ ਨੇ ਆਉਣਾ ਏ
ਉਹਦੇ ਨੈਣ ਨਕਸ਼ ਨਸ਼ੀਲਿਆਂ ਦਾ
ਲੱਖਾਂ ਦਾ ਮੁੱਲ ਪਾਉਣਾ ਏ
ਕੋਲ ਬਹਿ ਮੈਂ ਸੱਜਣਾ ਦੇ
ਦੁੱਖੜੇ ਫਰੋਲ ਕੇ ਦੱਸਾਂਗਾ
ਦਿਲ ਮਾਹੀ ਨੂੰ ਦੇਣ ਲਈ
ਛਾਤੀ ਪਾੜ ਕੇ ਹੱਸਾਂਗਾ
ਯਾਰ ਦੀਆਂ ਅੱਜ ਰਾਹਾਂ ਚ
ਮੈਂ ਫੁੱਲ ਵਿਛਾ ਕੇ ਆਉਣਾ ਏ
ਵੇ ਪਰਾਂ ਹੋ ਕੇ ਖੜ੍ਹ ਜਾਓ
ਅੱਜ ਯਾਰ ਮੇਰੇ ਨੇ ਆਉਣਾ ਏ
ਚੇਤੇ ਆਉਣਗੇ ਦਿਨ ਪੁਰਾਣੇ
ਨਾਲ ਮਾਹੀ ਦੇ ਬੈਠ ਕੇ
ਕਹਿ ਨਿਮਾਣਾ ਸੰਦੀਪ ਨੂੰ ਗਈ
ਕਿਉਂ ਨਾਲ ਰਕੀਬ ਦੇ ਬੈਠ ਕੇ
ਪੁਰਾਣਾ ਵੈਰ ਭੁਲਾ ਕੇ
ਇਸ਼ਕ ਨਵੇਂ ਸਿਰੇ ਤੋਂ ਪਾਉਣਾ ਏ
ਵੇ ਪਰਾਂ ਹੋ ਕੇ ਖੜ ਜਾਓ
ਅੱਜ ਯਾਰ ਮੇਰੇ ਨੇ ਆਉਣਾ ਏ

## ਵਸਲ

ਯਾਦ ਤੈਨੂੰ ਮੈਂ ਕਰਦਾ ਹਾਂ
ਲੰਘ ਗਏ ਹੁਣ ਸਾਲ ਕਈ
ਜਿਸ ਦਿਨ ਯਾਦ ਮੈਂ ਨਾ ਕੀਤਾ
ਉਹ ਅੰਤ ਸਮਾਂ ਮੇਰਾ ਹੋਵੇਗਾ
ਤੂੰ ਨਾ ਮਿਲੀ ਮੈਨੂੰ
ਬਸ ਦੁੱਖ ਇਹ ਹੀ ਖਾਂਦਾ ਏ
ਜੇ ਪਿਆਰ ਮਿਲੇ ਕਿਸੇ ਮੋੜ ਤੇ
ਤਾਂ ਪਿਆਰ ਸੱਚਾ ਮੇਰਾ ਹੋਵੇਗਾ
ਮੁੱਲ ਕਦੇ ਵੀ ਨਾ ਪਾਇਆ
ਤੂੰ ਇਸ ਸੱਚੇ ਆਸ਼ਿਕ ਦਾ
ਨਿਮਾਣਾ ਮੈਨੂੰ ਕਹਿੰਦੀ ਰਹੀ
ਦਸ ਮੇਰਾ ਕੀ ਹੋਵੇਗਾ
ਛੱਡ ਕੇ ਮੁਲਕ ਆਪਣਾ
ਹੁਣ ਤੁਰ ਗਈ ਕਾਹਨੂੰ ਬਾਹਰ ਅੜੀਏ
ਝੰਜੋੜਿਆ ਜੇ ਕਿਸੇ ਯਾਦਾਂ ਵਿੱਚ
ਸੰਦੀਪ ਨਿਮਾਣਾ ਹੋਵੇਗਾ
ਰੂਪ ਤੇਰੇ ਦੀ ਲੋੜ ਨਹੀਂ
ਰੂਹ ਤੇਰੀ ਨੂੰ ਪਿਆਰ ਕਰਾਂ
ਤੂੰ ਇਸ਼ਕ ਦੀ ਕੀਮਤ ਕੀ ਪਾਉਣੀ
ਨਵਾਂ ਯਾਰ ਤੇਰੇ ਨਾਲ ਹੋਵੇਗਾ
ਕਿਤੇ ਮਿਲ ਆ ਕੇ ਵੇ ਯਾਰਾ ਤੂੰ
ਤੈਨੂੰ ਇਸ਼ਕੇ ਦਾ ਨਸ਼ਾ ਵਿਖਾਉਣਾ ਏ
ਜਾਨ ਅਤੇ ਰੂਹ ਮੇਰੀ ਹੋਊ
ਬਸ ਜਿਸਮ ਤੇਰਾ ਹੋਵੇਗਾ

## ਬਿਰਹਾ ਦਾ ਗੀਤ

ਦਿਲ ਤੜਫਦਾ ਫਿਰਦਾ ਸੀ
ਸਿਰਫ਼ ਉਹਦੇ ਪਿਆਰ ਲਈ
ਰਾਤਾਂ ਨੂੰ ਸੁਫਨੇ ਲੈਂਦਾ ਸੀ
ਸਿਰਫ਼ ਉਹਦੇ ਦੀਦਾਰ ਲਈ
ਪਲਕਾਂ ਵਿੱਚ ਰੱਖਣਾ ਸੀ ਅਸਾਂ ਨੇ
ਆਪਣੇ ਅਥਾਹ ਪਿਆਰ ਲਈ
ਜਾਨ ਕੁਰਬਾਨ ਕਰਨੀ ਸੀ
ਸਿਰਫ਼ ਆਪਣੇ ਉਸ ਯਾਰ ਲਈ
ਕੋਈ ਮਰਦਾ ਪੈਸੇ ਪਿੱਛੇ
ਕੋਈ ਮਰਦਾ ਹਥਿਆਰ ਲਈ
ਸੰਦੀਪ ਨਿਮਾਣਾ ਇਕੱਲਾ ਸੀ
ਜਿਹੜਾ ਮਰਦਾ ਉਹਦੇ ਪਿਆਰ ਲਈ

# ਤਿਆਰੀ

ਵਸਦੀ ਰਹੇ ਤੂੰ ਸਦਾ ਤੇਰੇ ਯਾਰ ਵਸਦੇ ਰਹਿਣ
ਛੱਡ ਸ਼ਹਿਰ ਤੇਰਾ ਦੂਰ ਸਾਡੀ ਮਰਨ ਦੀ ਤਿਆਰੀ ਏ
ਤੂੰ ਨਾ ਕਰ ਯਾਦ ਹੁਣ ਮੇਰੇ ਜਿਹੇ ਨਿਮਾਣੇ ਨੂੰ
ਲੈ ਯਾਦਾਂ ਤੇਰੀਆਂ ਨਾਲ ਸਾਡੀ ਮਰਨ ਦੀ ਤਿਆਰੀ ਏ
ਨਾ ਸਤਾਉ ਕੋਈ ਤੈਨੂੰ ਇਸ ਵੱਡੇ ਜਹਾਨ ਅੰਦਰ
ਪੂਰਾ ਅਪਣਾ ਆਪ ਗੁਆ ਸਾਡੀ ਮਰਨ ਦੀ ਤਿਆਰੀ ਏ
ਖੁਸ਼ ਰਹੇ ਤੂੰ ਸਦਾ ਆਪਣੇ ਨਵੇਂ ਯਾਰਾਂ ਨਾਲ
ਰੱਬ ਅੱਗੇ ਮੰਗਾ ਮੰਗ ਸਾਡੀ ਮਰਨ ਦੀ ਤਿਆਰੀ ਏ
ਚੇਤਾ ਵੀ ਨਾ ਕਰੀਂ ਤੂੰ ਮੇਰੇ ਜਿਹੇ ਮਾੜੇ ਦਾ
ਇਹੋ ਬੇਨਤੀ ਕਰ ਅੱਗੇ ਸਾਡੀ ਮਰਨ ਦੀ ਤਿਆਰੀ ਏ
ਯਾਦ ਕਰ ਵੀ ਲਈ ਭਾਵੇਂ ਪਰ ਸ਼ਮਸ਼ਾਨ ਮੇਰੇ ਨਾ ਆਵੀਂ
ਵੈਰਨੇ ਇਹੋ ਜਿਹੀ ਹਾਮੀ ਭਰ ਸਾਡੀ ਮਰਨ ਦੀ ਤਿਆਰੀ ਏ
ਆ ਵੀ ਗਈ ਸ਼ਮਸ਼ਾਨ ਮੇਰੀ ਲਾਸ਼ ਅੱਗੇ ਨਾ ਰੋਵੀਂ
ਲੈ ਵਿਛੋੜਾ ਜਿਸਮਾਂ ਨਾਲ ਸਾਡੀ ਮਰਨ ਦੀ ਤਿਆਰੀ ਏ
ਸੰਦੀਪ ਨਿਮਾਣੇ ਵਾਂਗਰ ਕਦੇ ਪਿਆਰ ਕੋਈ ਨਾ ਕਰੇ
ਲਿਖ ਸੁਨੇਹਾ ਕਫ਼ਨ 'ਤੇ ਸਾਡੀ ਮਰਨ ਦੀ ਤਿਆਰੀ ਏ